ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

VOL-13 ISSUE 2387 | 26 February, 2026 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260



ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ


# ਅਮਰੀਕਾ 'ਚ ਮੇਰੇ ਵਰਗੇ ਮਹੱਤਵਪੂਰਨ ਨੇਤਾ 'ਤੇ ਅਕਸਰ ਹਮਲੇ ਹੁੰਦੇ ਆਏ ਹਨ: ਟਰੰਪ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਫਲੋਰੀਡਾ ਵਿਚ ਆਪਣੇ ਮਾਰ-ਏ-ਲਾਗੋ ਰਿਜ਼ੋਰਟ ਦੇ ਸੁਰੱਖਿਆ ਖੇਤਰ ਵਿਚ ਇੱਕ ਹਥਿਆਰਬੰਦ ਘੁਸਪੈਠੀਏ ਨੂੰ ਗੋਲੀ ਮਾਰ ਕੇ ਮਾਰ ਦਿੱਤੇ ਜਾਣ ਤੋਂ ਇੱਕ ਦਿਨ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਪੱਕਾ ਪਤਾ ਨਹੀਂ ਹੈ ਕਿ ਉਹ ਕਦੋਂ ਤੱਕ ਜ਼ਿੰਦਾ ਰਹਿਣਗੇ। ਬਹੁਤ ਸਾਰੇ ਲੋਕ ਮੇਰੇ 'ਤੇ ਗੋਲੀਆਂ ਚਲਾ ਰਹੇ ਹਨ।" ਅਮਰੀਕੀ ਸੀਕ੍ਰੇਟ ਸਰਵਿਸ ਦੇ ਏਜੰਟਾਂ ਦੁਆਰਾ ਫਲੋਰੀਡਾ ਵਿਚ ਉਨ੍ਹਾਂ ਦੀ ਜਾਇਦਾਦ ਦੇ ਖੇਤਰ ਵਿਚ ਦਾਖਲ ਹੋਏ ਇੱਕ ਬੰਦੂਕਧਾਰੀ ਨੂੰ ਗੋਲੀ ਮਾਰ ਕੇ ਮਾਰਨ ਤੋਂ ਬਾਅਦ ਇਹ ਉਨ੍ਹਾਂ ਦੀ ਪਹਿਲੀ ਪ੍ਰਤੀਕਿਰਿਆ ਹੈ।ਡੋਨਾਲਡ ਟਰੰਪ 2024 ਦੀ ਆਪਣੀ ਚੋਣ ਮੁਹਿੰਮ ਦੌਰਾਨ ਦੋ ਵੱਖ-ਵੱਖ ਕਤਲੇਆਮ ਦੇ ਯਤਨਾਂ ਤੋਂ ਬਚ ਗਏ ਸਨ। ਉਨ੍ਹਾਂ ਮਜ਼ਾਕ ਵਿਚ ਆਪਣੀ ਤੁਲਨਾ ਉਨ੍ਹਾਂ ਨਾਲ ਵੀ ਕੀਤੀ। ਉਨ੍ਹਾਂ ਕਿਹਾ ਕਿ ਧਮਕੀਆਂ ਇੱਕ ਨੇਤਾ ਹੋਣ ਦੇ ਨਾਲ ਆਉਂਦੀਆਂ ਹਨ, ਜਿਸ ਨੂੰ ਉਸਨੇ ਇੱਕ ਮਹੱਤਵਪੂਰਨ ਨੇਤਾ ਦੱਸਿਆ।ਟਰੰਪ ਨੇ ਕਿਹਾ, "ਤੁਸੀਂ ਇਨ੍ਹਾਂ ਸਾਰੇ ਪਾਗਲ ਸ਼ੂਟਰਾਂ ਦੇ ਬਾਰੇ ਵਿਚ ਪੜ੍ਹਦੇ ਹੋ, ਪਰ ਉਹ ਸਿਰਫ਼ ਮਹੱਤਵਪੂਰਨ ਰਾਸ਼ਟਰਪਤੀਆਂ ਦੇ ਪਿੱਛੇ ਪੈਂਦੇ ਹਨ, ਉਹ ਉਨ੍ਹਾਂ ਰਾਸ਼ਟਰਪਤੀਆਂ ਦੇ ਪਿੱਛੇ ਨਹੀਂ ਪੈਂਦੇ, ਜੋ ਮਹੱਤਵਪੂਰਨ ਨਹੀਂ ਹਨ।" ਉਨ੍ਹਾਂ ਨੇ 2 ਮਾਰੇ ਗਏ ਰਾਸ਼ਟਰਪਤੀਆਂ ਅਬ੍ਰਾਹਮ ਲਿੰਕਨ ਅਤੇ ਜੌਨ ਐੱਫ. ਕੈਨੇਡੀ ਦੀ ਉਦਾਹਰਨ ਦਿੱਤੀ। ਟਰੰਪ ਨੇ ਕਿਹਾ, "ਉਹ ਮਹੱਤਵਪੂਰਨ ਸਨ। ਉਹ ਸਿਰਫ਼ ਮਹੱਤਵਪੂਰਨ ਲੋਕਾਂ ਦੇ ਪਿੱਛੇ ਜਾਂਦੇ ਹਨ। ਇਸ ਲਈ ਸ਼ਾਇਦ ਮੈਂ ਥੋੜ੍ਹਾ ਘੱਟ ਮਹੱਤਵਪੂਰਨ ਹਾਂ। ਕੀ ਅਸੀਂ ਇਸ ਨੂੰ ਥੋੜ੍ਹਾ ਰੋਕ ਸਕਦੇ ਹਾਂ?" ਟਰੰਪ ਆਪਣੇ ਰੁਖ 'ਤੇ ਮੁੜ ਕੁਝ ਵਿਚਾਰ ਕਰਦੇ ਦਿਸੇ। ਫਿਰ ਉਨ੍ਹਾਂ ਨੇ ਮਜ਼ਾਕ ਵਿਚ ਕਿਹਾ, "ਚਲੋ ਕੁਝ ਸਮੇਂ ਲਈ ਇੱਕ ਆਮ ਰਾਸ਼ਟਰਪਤੀ ਬਣ ਜਾਂਦੇ ਹਾਂ।"ਦੱਸਣਯੋਗ ਹੈ ਕਿ ਅਧਿਕਾਰੀਆਂ ਨੇ ਘੁਸਪੈਠੀਏ ਦੀ ਪਛਾਣ ਉੱਤਰੀ ਕੈਰੋਲੀਨਾ ਦੇ 21 ਸਾਲਾ ਆਸਟਿਨ ਟਕਰ ਮਾਰਟਿਨ ਵਜੋਂ ਕੀਤੀ ਹੈ।



ਅਮਰੀਕੀ ਸੀਕ੍ਰੇਟ ਸਰਵਿਸ ਦੇ ਏਜੰਟਾਂ ਨੇ ਕਿਹਾ ਕਿ ਮਾਰਟਿਨ ਪਾਮ ਬੀਚ ਅਸਟੇਟ ਦੇ ਉੱਤਰੀ ਗੇਟ ਤੋਂ ਸਵੇਰੇ 1:30 ਵਜੇ (ਸਥਾਨਕ ਸਮੇਂ) ਦੇ ਨੇੜੇ ਦਾਖਲ ਹੋਇਆ। ਦੋ ਸੀਕ੍ਰੇਟ ਸਰਵਿਸ ਏਜੰਟਾਂ ਅਤੇ ਪਾਮ ਬੀਚ ਕਾਉਂਟੀ ਸ਼ੈਰਿਫ ਦੇ ਡਿਪਟੀ ਨੇ ਉਸਦਾ ਸਾਹਮਣਾ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਉਹ ਇੱਕ ਬੰਦੂਕ ਅਤੇ ਇੱਕ ਪੈਟਰੋਲ ਡੱਬਾ ਲੈ ਕੇ ਜਾ ਰਿਹਾ ਸੀ। ਪਾਮ ਬੀਚ ਕਾਉਂਟੀ ਸ਼ੈਰਿਫ ਰਿਕ ਬ੍ਰੈਡਸ਼ਾ ਨੇ ਕਿਹਾ ਕਿ ਅਧਿਕਾਰੀਆਂ ਨੇ ਉਸ ਨੂੰ ਆਪਣਾ ਸਾਮਾਨ ਹੇਠਾਂ ਰੱਖਣ ਦਾ ਹੁਕਮ ਦਿੱਤਾ। ਬ੍ਰੈਡਸ਼ਾ ਨੇ ਕਿਹਾ, "ਉਸਨੇ ਗੈਸ ਕੈਨ ਹੇਠਾਂ ਰੱਖਿਆ ਅਤੇ ਬੰਦੂਕ ਨੂੰ ਗੋਲੀਬਾਰੀ ਵਾਲੀ ਸਥਿਤੀ 'ਤੇ ਉੱਚਾ ਕੀਤਾ ਅਤੇ ਫਿਰ ਏਜੰਟਾਂ ਅਤੇ ਡਿਪਟੀਆਂ ਨੇ ਖ਼ਤਰੇ ਨੂੰ ਖਤਮ ਕਰਨ ਲਈ ਆਪਣੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ।" ਸੀਕ੍ਰੇਟ ਸਰਵਿਸ ਦੇ ਬੁਲਾਰੇ ਐਂਥਨੀ ਗੁਗਲੀਏਲਮੀ ਨੇ ਕਿਹਾ ਕਿ ਮਾਰਟਿਨ ਦੇ ਪਰਿਵਾਰ ਨੇ ਕੁਝ ਦਿਨ ਪਹਿਲਾਂ ਉਸ ਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ ਸੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਉਹ ਉੱਤਰੀ ਕੈਰੋਲੀਨਾ ਤੋਂ ਫਲੋਰੀਡਾ ਗਿਆ ਸੀ ਅਤੇ ਰਸਤੇ ਵਿਚ ਬੰਦੂਕ ਮਿਲੀ ਸੀ। ਅਧਿਕਾਰੀਆਂ ਨੇ ਕਿਹਾ ਕਿ ਬਾਅਦ ਵਿਚ ਉਸਦੀ ਕਾਰ ਵਿਚੋਂ ਇੱਕ ਬੰਦੂਕ ਦਾ ਕੇਸ ਮਿਲਿਆ। ਟਰੰਪ ਉਸ ਸਮੇਂ ਘਟਨਾ ਸਥਾਨ 'ਤੇ ਮੌਜੂਦ ਨਹੀਂ ਸਨ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Inderjeet Singh Mann
CA Lic# 0H82488
Ph.: (916) 900-2000

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com


ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ
350 ਸਾਲਾ ਸ਼ਹੀਦੀ ਗੁਰਪੁਰਬ ਅਤੇ
ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾ ਗੱਦੀ ਨੂੰ ਸਮਰਪਿਤ
ਸ਼ਤਾਬਦੀ ਸਮਾਗਮ
28 ਫਰਵਰੀ - 1 ਮਾਰਚ 2026 (ਸ਼ਨੀਵਾਰ-ਐਤਵਾਰ)
ਓਵੇ ਗਰਾਊਂਡ, ਸੈਕਟਰ 29, ਖਾਰਘਰ, ਨਵੀਂ ਮੁੰਬਈ, ਮਹਾਰਾਸ਼ਟਰ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ
ਸੰਤ ਬਾਬਾ ਕੁਲਵੰਤ ਸਿੰਘ ਜੀ
ਮਾਣਯੋਗ ਸ੍ਰੀ ਅਮਿਤ ਸ਼ਾਹ
ਏਕਨਾਥ ਸ਼ਿੰਦੇ
ਸੁਨੇਤਰਾ ਪਵਾਰ
ਮਾਣਯੋਗ ਸ੍ਰੀ ਨਰਿੰਦਰ ਮੋਦੀ
ਪ੍ਰਧਾਨ ਮੰਤਰੀ
ਮਾਣਯੋਗ ਸ੍ਰੀ ਦੇਵੇਂਦਰ ਫੜਨਵੀਸ
ਘੱਟ ਗਿਣਤੀ ਵਿਕਾਸ ਵਿਭਾਗ ਅਤੇ ਰਾਜ ਪੱਧਰੀ ਕਾਨਫਰੰਸ ਕਮੇਟੀ, ਮਹਾਰਾਸ਼ਟਰ ਰਾਜ
ਮਹਾਰਾਸ਼ਟਰ ਸਰਕਾਰ ਵੱਲੋਂ ਆਯੋਜਿਤ
ਸੰਤ ਸਮਾਜ
ਪ੍ਰਚਾਰਕ
੨੮ ਫਰਵਰੀ ਅਤੇ ੧ ਮਾਰਚ ੨੦੨੬
ਸਵੇਰ ੮ ਤੋਂ ਰਾਤ ੧੦ ਵਜੇ ਤੱਕ
ਓਵੇ ਮਦਾਨ, ਸੈਕਟਰ ੨੯,ਖਾਰਘਰ, ਨਵੀਂ ਮੁੰਬਈ
ਮਿਲ ਕੇ ਇਸ ਮਹਾਨ ਸੂਰਬੀਰਤਾ ਦੀ ਗਾਥਾ ਦੇ ਗਵਾਹ ਬਣੋ।


NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਪੰਜਾਬੀ ਵਿਰਸੇ ਦਾ ਕੋਸ਼: ਗਿਆਨੀ ਗੁਰਦਿੱਤ ਸਿੰਘ

ਆਧੁਨਿਕ ਪੰਜਾਬੀ ਵਾਰਤਕ ਦਾ ਮੂੰਹ-ਮੱਥਾ ਸ਼ਿੰਗਾਰਨ, ਸੰਵਾਰਨ ਤੇ ਨਿਖਾਰਨ ਵਿੱਚ 'ਮੇਰਾ ਪਿੰਡ' ਵਾਲੇ ਗਿਆਨੀ ਗੁਰਦਿੱਤ ਸਿੰਘ ਦੀ ਬੜੀ ਸਰਗਰਮ ਭੂਮਿਕਾ ਰਹੀ ਹੈ। ਉਨ੍ਹਾਂ ਨੂੰ ਇੱਕ ਸਫ਼ਲ ਵਾਰਤਕਕਾਰ ਦੇ ਨਾਲ-ਨਾਲ ਜੀਵਨੀਕਾਰ, ਸਿੱਖ-ਇਤਿਹਾਸ ਦੇ ਸਕਾਲਰ, ਗੁਰਬਾਣੀ ਦੇ ਵਿਆਖਿਆਕਾਰ ਅਤੇ ਸਫ਼ਲ ਸੰਪਾਦਕ ਹੋਣ ਦਾ ਵੀ ਮਾਣ ਪ੍ਰਾਪਤ ਹੈ। ਉਨ੍ਹਾਂ ਦਾ ਜਨਮ 24 ਫਰਵਰੀ 1923 ਈ. ਨੂੰ ਸ. ਹੀਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪਿੰਡ ਮਿੱਠੇਵਾਲ, ਰਿਆਸਤ ਮਲੇਰਕੋਟਲਾ ਵਿਖੇ ਹੋਇਆ।

ਗਿਆਨੀ ਗੁਰਦਿੱਤ ਸਿੰਘ ਨੇ ਮੁੱਢਲੀ ਵਿੱਦਿਆ ਪਿੰਡ ਦੇ ਗੁਰਦੁਆਰੇ ਤੋਂ ਪ੍ਰਾਪਤ ਕੀਤੀ ਅਤੇ ਪੇਂਡੂ ਘਰੋਗੀ ਕੰਮ-ਧੰਦਿਆਂ ਦੇ ਨਾਲ-ਨਾਲ ਸਾਧੂਆਂ, ਸੰਤਾਂ, ਵਿਦਵਾਨਾਂ ਤੋਂ ਨੀਤੀ-ਸ਼ਾਸਤਰ, ਪਿੰਗਲ, ਕਾਵਿ ਨਾਲ ਸਬੰਧਤ ਗ੍ਰੰਥਾਂ ਦਾ ਅਧਿਐਨ ਕੀਤਾ; ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ ਅਤੇ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਅਰਥਾਂ ਅਤੇ ਵਿਆਖਿਆ ਨੂੰ ਸਮਝਿਆ। ਲਾਹੌਰ ਤੋਂ 1944-45 ਵਿੱਚ ਗਿਆਨੀ ਪਾਸ ਕਰਨ ਪਿੱਛੋਂ ਹੋਰ ਜਾਣਨ ਦੀ ਜਗਿਆਸਾ ਹਿੱਤ 1943 ਤੋਂ 1947 ਤੱਕ ਪੰਜਾ ਸਾਹਿਬ ਤੋਂ ਪਟਨਾ ਅਤੇ ਬਨਾਰਸ ਤੱਕ ਦੀ ਯਾਤਰਾ ਕੀਤੀ। ਇਸ ਦੌਰਾਨ ਧਾਰਮਕ ਅਸਥਾਨਾਂ- ਲਾਹੌਰ, ਅੰਮ੍ਰਿਤਸਰ, ਪਟਿਆਲਾ ਦੀਆਂ ਲਾਇਬਰੇਰੀਆਂ ਅਤੇ ਕਾਸ਼ੀ ਦੀ ਨਾਗਰੀ ਪ੍ਰਚਾਰਿਣੀ ਸਭਾ ਲਾਇਬਰੇਰੀ ਵਿੱਚੋਂ ਪੁਰਾਤਨ ਹੱਥ ਲਿਖਤਾਂ, ਬੀੜਾਂ ਅਤੇ ਦੁਰਲੱਭ ਗ੍ਰੰਥਾਂ ਦੀ ਖੋਜ ਕੀਤੀ।

ਬੀਬੀ ਇੰਦਰਜੀਤ ਕੌਰ ਸੰਧੂ ਨਾਲ ਸ਼ਾਦੀ ਹੋਣ ਪਿੱਛੋਂ ਉਨ੍ਹਾਂ ਦੇ ਘਰ ਦੋ ਲੜਕੇ ਰੂਪਇੰਦਰ ਸਿੰਘ (1960) ਅਤੇ ਰਵੀ ਇੰਦਰ ਸਿੰਘ (1961) ਪੈਦਾ ਹੋਏ।

ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਾ ਹੋਵੇ ਕਿ ਸ੍ਰੀਮਤੀ ਸੰਧੂ 1975 ਤੋਂ 1977 ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ-ਚਾਂਸਲਰ ਰਹਿ ਚੁੱਕੇ ਹਨ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਸਮੇਤ ਪੰਜਾਬ ਦੀਆਂ ਹੋਰਨਾਂ ਯੂਨੀਵਰਸਿਟੀਆਂ ਵਿਚ ਹੁਣ ਤੱਕ ਦੇ ਪਹਿਲੇ ਇਸਤ੍ਰੀ ਵੀਸੀ ਹੋ ਗੁਜ਼ਰੇ ਹਨ। ਸ੍ਰੀਮਤੀ ਸੰਧੂ ਭਾਰਤ ਸਰਕਾਰ ਦੇ ਸਿਲੈਕਸ਼ਨ ਕਮਿਸ਼ਨ ਦੇ ਸਾਬਕਾ ਚੇਅਰਮੈਨ ਵੀ ਰਹਿ ਚੁੱਕੇ ਹਨ।

ਉਚੇਰੀ ਸਿੱਖਿਆ ਹਾਸਲ ਨਾ ਕਰਨ ਦੇ ਬਾਵਜੂਦ ਗਿਆਨੀ ਜੀ ਨੇ ਪੰਜਾਬੀ ਸਾਹਿਤ ਅਤੇ ਗੁਰਬਾਣੀ/ਸਿੱਖ ਸਾਹਿਤ ਨਾਲ ਸਬੰਧਤ ਨਿੱਗਰ ਅਤੇ ਉੱਚਪੱਧਰੀ ਪੁਸਤਕਾਂ ਦੀ ਰਚਨਾ ਕੀਤੀ। ਜਿਨ੍ਹਾਂ ਦਾ ਮੁਕੰਮਲ ਵੇਰਵਾ ਇਸ ਪ੍ਰਕਾਰ ਹੈ:

* ਕਵਿਤਾ: ਅਛੋਹ ਸਿਖਰਾਂ, ਭਾਵਾਂ ਦੇ ਦੇਸ਼।
* ਖੋਜ ਅਤੇ ਆਲੋਚਨਾ: ਰਾਗ ਮਾਲਾ ਦੀ ਅਸਲੀਅਤ, ਪੰਜਾਬੀ ਤੇ ਗੁਰਮੁਖੀ ਲਿਪੀ ਦਾ ਸੰਖੇਪ ਇਤਿਹਾਸ, ਭੱਟ ਤੇ ਉਨ੍ਹਾਂ ਦੀ ਰਚਨਾ, ਮੁੰਦਾਵਣੀ।
* ਵਾਰਤਕ: ਮੇਰਾ ਪਿੰਡ (ਇਸ ਪੁਸਤਕ ਦਾ ਹਿੰਦੀ ਅਨੁਵਾਦ ਵੀ ਛਪ ਚੁੱਕਾ ਹੈ।) ਤਿੱਥ ਤਿਉਹਾਰ, ਮੇਰੇ ਪਿੰਡ ਦਾ ਜੀਵਨ।
* ਜੀਵਨੀ: ਭਾਈ ਲਾਲੋ ਦਰਸ਼ਨ, ਸਿੱਖ ਮਹਾਂਪੁਰਸ਼, ਸੰਖੇਪ ਜੀਵਨੀਆਂ (ਭਾਈ ਦਿੱਤ ਸਿੰਘ, ਰਾਗੀ ਹੀਰਾ ਸਿੰਘ, ਭਾਈ ਰਣਧੀਰ ਸਿੰਘ, ਗਿਆਨੀ ਗੁਰਬਚਨ ਸਿੰਘ ਭਿੰਡਰਾਂਵਾਲੇ, ਅਕਾਲੀ ਕੌਰ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰ. ਤੇਜਾ ਸਿੰਘ, ਭਾਈ ਜਵਾਹਰ ਸਿੰਘ ਕਪੂਰ, ਸੰਤ ਹਰਚੰਦ ਸਿੰਘ ਲੌਂਗੋਵਾਲ, ਗਿਆਨ ਸਿੰਘ ਰਾੜੇਵਾਲਾ, ਸ. ਹੁਕਮ ਸਿੰਘ, ਮਹਾਰਾਜਾ ਅਸ਼ੋਕ, ਮਹਾਤਮਾ ਬੁੱਧ, ਕਿੱਕਰ ਸਿੰਘ ਪਹਿਲਵਾਨ)।
* ਸੱਭਿਆਚਾਰ ਤੇ ਇਤਿਹਾਸ: ਸਿੰਘ ਸਭਾ ਲਹਿਰ ਦੀ ਦੇਣ, ਪੰਜਾਬ ਦੇ ਤਖ਼ਤਾਂ ਦਾ ਇਤਿਹਾਸ, ਪੰਜਾਬੀ ਸੱਭਿਆਚਾਰ।
* ਧਰਮ ਤੇ ਫ਼ਲਸਫਾ: ਜੀਵਨ ਦਾ ਉਸਰੱਈਆ- ਸ੍ਰੀ ਗੁਰੂ ਨਾਨਕ ਦੇਵ ਜੀ, ਸਿੱਖ ਧਾਮ ਤੇ ਸਿੱਖ ਗੁਰਦੁਆਰੇ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ।
* ਸੰਪਾਦਨ: ਅਮਰਨਾਮਾ, ਲੋਕ ਕਹਾਣੀਆਂ (ਤਿੰਨ ਜਿਲਦਾਂ)।

'ਮੇਰਾ ਪਿੰਡ' ਪੁਸਤਕ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੋਸ਼ ਕਿਹਾ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿੱਚ ਇਹ ਪੁਸਤਕ 'ਕਲਾਸਿਕ' ਹੋਣ ਦਾ ਦਰਜਾ ਰੱਖਦੀ ਹੈ। ਪੰਜਾਬੀ ਸੱਭਿਅਤਾ, ਸੰਸਕ੍ਰਿਤੀ ਅਤੇ ਵਿਰਸੇ ਦਾ ਜੋ ਭਰਪੂਰ ਚਿੱਤਰਣ ਇਸ ਵਿੱਚ ਮਿਲਦਾ ਹੈ, ਉਹ ਆਪਣੀ ਮਿਸਾਲ ਆਪ ਹੈ। ਇਹ ਕਿਤਾਬ ਮੁਹਾਵਰਿਆਂ ਤੇ ਅਖੌਤਾਂ ਦਾ ਵਿਸ਼ਾਲ ਖ਼ਜ਼ਾਨਾ ਹੈ। ਲੇਖਕ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਪੇਂਡੂ ਲੋਕਾਂ ਦੀਆਂ ਮਨੌਤਾਂ, ਆਰਥਿਕ ਮੁਸ਼ਕਿਲਾਂ, ਵਹਿਮਾਂ-ਭਰਮਾਂ ਤੇ ਅਲੋਪ ਹੋ ਰਹੇ ਪੱਖਾਂ ਨੂੰ ਬੜੇ ਹੀ ਖ਼ੂਬਸੂਰਤ ਢੰਗ ਨਾਲ ਚਿਤਰਿਆ ਹੈ।

2003 ਵਿਚ 'ਮੇਰਾ ਪਿੰਡ' ਦੀ ਐਡੀਸ਼ਨ ਵਿੱਚ ਲੇਖਕ ਨੇ ਪੁਸਤਕ ਦਾ ਆਕਾਰ ਵੱਡਾ (24*15ਸੈਂ.ਮੀ.) ਕਰ ਦਿੱਤਾ ਅਤੇ ਇਸ ਨੂੰ ਆਪਣੀ ਪਤਨੀ ਨੂੰ ਸਮਰਪਿਤ ਕਰ ਦਿੱਤਾ। ਇਹ ਪੁਸਤਕ ਲੇਖਕ ਦੇ ਆਪਣੇ ਸਾਹਿਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਹੀ ਛਪਦੀ ਰਹੀ ਹੈ ਅਤੇ 2014 ਵਿੱਚ ਇਸ ਦਾ ਬਾਰ੍ਹਵਾਂ ਐਡੀਸ਼ਨ ਪ੍ਰਕਾਸ਼ਿਤ ਹੋਇਆ ਸੀ। ਵੱਡੇ ਆਕਾਰ ਵਿੱਚ ਪ੍ਰਕਾਸ਼ਿਤ ਇਸ ਪੁਸਤਕ ਦੇ ਕੁੱਲ 480 ਪੰਨੇ ਹਨ,ਜਿਸ ਵਿੱਚ ਪਰਵੇਸ਼, ਭੂਮਿਕਾ, ਪ੍ਰਸੰਸਾ, ਸੁਆਗਤ ਆਦਿ ਦੇ 18 ਪੰਨੇ ਵੱਖਰੇ ਹਨ।

ਪੁਸਤਕ ਵਿੱਚ ਪ੍ਰਕਾਸ਼ਿਤ ਲੇਖਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ- ਪਹਿਲੇ ਵਿੱਚ ਮੇਰੇ ਪਿੰਡ ਦਾ ਮੂੰਹ ਮੱਥਾ, ਮੇਰੇ ਵੱਡੇ ਵਡੇਰੇ, ਮੇਰਾ ਬਚਪਨ, ਮੇਰੇ ਪਿੰਡ ਦਾ ਆਂਢ ਗੁਆਂਢ, ਕੰਮ ਧੰਦੇ ਤੇ ਆਹਰ ਪਾਹਰ, ਮੇਰੇ ਪਿੰਡ ਦੇ ਇਸ਼ਟ, ਸੰਤਾਂ ਸਾਧਾਂ ਲਈ ਸ਼ਰਧਾ, ਹਾੜ੍ਹਾਂ ਦੇ ਦੁਪਹਿਰੇ, ਸਿਆਲਾਂ ਦੀਆਂ ਧੂਣੀਆਂ, ਮੇਰੇ ਪਿੰਡ ਦੇ ਗਾਲ੍ਹੜੀ, ਭਾਂਤ ਸੁਭਾਂਤੀ ਦੁਨੀਆਂ, ਵਹਿਮ ਭਰਮ, ਤਿੱਥ ਤਿਉਹਾਰ, ਤੀਆਂ, ਵੰਗਾਂ ਤੇ ਮਹਿੰਦੀ, ਤੀਆਂ ਦਾ ਗਿੱਧਾ ਤੇ ਤ੍ਰਿੰਞਣ ਸਿਰਲੇਖ ਹੇਠ ਕੁੱਲ 17 ਲੇਖ ਹਨ; ਜਦ ਕਿ ਦੂਜੇ ਭਾਗ ਵਿੱਚ ਜਨਮ ਤੋਂ ਲੈ ਕੇ ਮੌਤ ਤਕ ਦੀਆਂ ਰੀਤਾਂ ਨਾਲ ਸਬੰਧਤ ਕੁੱਲ 12 ਲੇਖ ਸੰਕਲਿਤ ਹਨ। ਅੰਤਿਕਾ ਵਿੱਚ (ਪੰਨੇ 463 ਤੋਂ 479 ਤੱਕ) ਗਿਆਰਾਂ ਪ੍ਰਸਿੱਧ ਲੇਖਕਾਂ (ਈਸ਼ਵਰ ਚਿੱਤਰਕਾਰ, ਦੇਵਿੰਦਰ ਸਤਿਆਰਥੀ,ਖੁਸ਼ਵੰਤ ਸਿੰਘ, ਐਨਸਾਈਕਲੋਪੀਡੀਆ ਬ੍ਰਿਟੈਨਿਕਾ, ਜੈਚੰਦਰ ਵਿੱਦਿਆਲੰਕਾਰ, ਡਾ ਹਰਿਭਜਨ ਸਿੰਘ, ਸੰਤ ਸਿੰਘ ਸੇਖੋਂ, ਨਾਨਕ ਸਿੰਘ, ਬਲਰਾਜ ਸਾਹਨੀ, ਗੁਰਬਚਨ ਸਿੰਘ ਤਾਲਿਬ ਅਤੇ ਡਾ ਜਸਪਾਲ ਸਿੰਘ) ਵੱਲੋਂ ਪੁਸਤਕ ਬਾਰੇ (ਕ੍ਰਮਵਾਰ ਵਾਰਤਕ ਦੇ ਮੈਦਾਨ ਵਿੱਚ ਝੰਡਾ, ਲੋਕ ਪਰੰਪਰਾ ਦਾ ਨਵਾਂ ਜਨਮ, ਡਿਲਾਇਟਫੁੱਲ ਐੱਸੇ, ਆਊਟਸਟੈਂਡਿੰਗ ਨਾਵਲ, ਇਤਿਹਾਸਕ ਮਹੱਤਵ, ਧੜਕਦਾ ਸੋਹਜ ਮਲੂਕ ਕਲਾ ਦ੍ਰਿਸ਼, ਇਕ ਵਿਅੰਗਭਰੀ ਵੰਗਾਰ, ਸੰਦਲੀ ਸ਼ਰਬਤ ਦਾ ਗਲਾਸ, ਅਜੋਕੇ ਭਾਰਤੀ ਸਾਹਿਤ ਭੰਡਾਰ ਦਾ ਅਦੁੱਤੀ ਸ਼ਾਹਕਾਰ, ਪੰਜਾਬੀ ਬੈਲੇ ਲੈਟਰ, ਲਾਈਫ ਐਜ਼ ਕਲਚਰਲ ਹਿਸਟਰੀ ਆਫ ਪੰਜਾਬ) ਵਿਚਾਰ ਪ੍ਰਗਟ ਕੀਤੇ ਗਏ ਹਨ।

1958-59 ਵਿੱਚ ਗਿਆਨੀ ਜੀ ਨੇ 'ਮੇਰਾ ਪਿੰਡ' ਦਾ ਪਹਿਲਾ ਭਾਗ ਲਿਖਿਆ ਅਤੇ ਪੁਸਤਕ ਛਪਦੇ-ਛਪਦੇ 1961 ਵਿਚ 'ਤਿੱਥ ਤਿਉਹਾਰ' ਤੇ 'ਮੇਰੇ ਪਿੰਡ ਦਾ ਜੀਵਨ' ਨੂੰ ਯੂਨੈਸਕੋ ਅਵਾਰਡ ਪ੍ਰਾਪਤ ਹੋਏ। ਉਨ੍ਹਾਂ ਨੂੰ ਮਿਲੇ ਹੋਰ ਸਨਮਾਨਾਂ ਵਿੱਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਮੇਰਾ ਪਿੰਡ' ਨੂੰ ਪੁਰਸਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਭਗਤ ਬਾਣੀ ਭਾਗ' ਤੇ ਪੰਦਰਾਂ ਹਜ਼ਾਰ ਰੁਪਏ ਦਾ ਪੁਰਸਕਾਰ ਅਤੇ 'ਗੁਰਮਤਿ ਅਚਾਰੀਆ' ਦੀ ਉਪਾਧੀ, ਗੁਰਦੁਆਰਾ ਐਸੋਸੀਏਸ਼ਨ ਵੂਲਰ, ਲੰਡਨ; ਸਿੱਖ ਕਲਚਰਲ ਸੁਸਾਇਟੀ ਵੈਨਕੂਵਰ ਕੈਨੇਡਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਅਮਰੀਕਾ ਵੱਲੋਂ ਸਨਮਾਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਆਨਰੇਰੀ ਫੈਲੋਸ਼ਿਪ, ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1998 ਲਈ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਪੁਰਸਕਾਰ ਆਦਿ ਉਲੇਖਯੋਗ ਹਨ।

ਗਿਆਨੀ ਗੁਰਦਿੱਤ ਸਿੰਘ ਵੱਲੋਂ ਕੀਤੇ ਹੋਰ ਜ਼ਿਕਰਯੋਗ ਕਾਰਜਾਂ ਵਿੱਚ ਪੱਤਰ-ਪੱਤ੍ਰਿਕਾਵਾਂ ਦਾ ਸੰਪਾਦਨ ਵੀ ਸ਼ਾਮਲ ਹੈ। 1948 ਵਿੱਚ ਉਨ੍ਹਾਂ ਨੇ ਸਪਤਾਹਿਕ ਅਖ਼ਬਾਰ 'ਪ੍ਰਕਾਸ਼' ਪਟਿਆਲੇ ਤੋਂ ਸ਼ੁਰੂ ਕੀਤਾ, ਜੋ ਪਿੱਛੋਂ ਰੋਜ਼ਾਨਾ ਕਰ ਦਿੱਤਾ ਗਿਆ ਅਤੇ ਇਹ 1956 ਤੱਕ ਪਟਿਆਲੇ ਤੋਂ ਛਪਦਾ ਰਿਹਾ; 1956 ਤੋਂ 1964 ਤਕ ਇਹ ਚੰਡੀਗੜ੍ਹ ਤੋਂ ਛਪਣ ਲੱਗਾ; 1970 ਤੋਂ 1987 ਤਕ ਫਿਰ ਪਟਿਆਲੇ ਤੋਂ ਸਪਤਾਹਿਕ ਵਜੋਂ ਛਪਣ ਲੱਗਿਆ। ਪਟਿਆਲੇ ਤੋਂ ਹੀ ਉਨ੍ਹਾਂ ਨੇ ਇਕ ਮਾਸਿਕ ਪੱਤ੍ਰਿਕਾ 'ਜੀਵਨ ਸੰਦੇਸ਼' ਸ਼ੁਰੂ ਕੀਤੀ, ਜੋ 1950 ਤੋਂ 1953 ਤਕ ਜਾਰੀ ਰਹੀ। ਚੰਡੀਗੜ੍ਹ ਤੋਂ ਉਨ੍ਹਾਂ ਨੇ ਮਾਸਿਕ ਪੱਤ੍ਰਿਕਾ 'ਸਿੰਘ ਸਭਾ ਪੱਤ੍ਰਿਕਾ' ਸ਼ੁਰੂ ਕੀਤੀ, ਜਿਸ ਦੇ ਕਈ ਵਿਸ਼ੇਸ਼ ਅੰਕਾਂ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ।

1973 ਵਿੱਚ ਗਿਆਨੀ ਜੀ ਨੇ ਸਿੰਘ ਸਭਾ ਲਹਿਰ ਦੀ ਯਾਦ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਸਿੰਘ ਸਭਾ ਸ਼ਤਾਬਦੀ ਕਮੇਟੀ ਦਾ ਕੰਮ ਆਪਣੇ ਜ਼ਿੰਮੇ ਲੈ ਕੇ ਅੰਮ੍ਰਿਤਸਰ ਰਹਿਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਹ ਇਸ ਦੇ ਜਨਰਲ ਸਕੱਤਰ ਰਹੇ, ਫਿਰ 1983 ਤੋਂ 1992 ਤਕ ਕੇਂਦਰੀ ਸਿੰਘ ਸਭਾ ਦੀ ਪ੍ਰਧਾਨਗੀ ਦੇ ਰੂਪ ਵਿੱਚ ਕਾਰਜ ਕੀਤਾ। ਉਨ੍ਹਾਂ ਨੇ ਦਰਜਨਾਂ ਸਮਾਗਮ, ਵਿਚਾਰ ਸੰਮੇਲਨ, ਪਾਠਬੋਧ ਸਮਾਗਮ ਭਾਰਤ-ਭਰ ਦੇ ਵੱਡੇ ਸ਼ਹਿਰਾਂ ਅਤੇ ਸਿੱਖਾਂ ਦੇ ਮੁੱਖ ਕੇਂਦਰਾਂ ਤੇ ਆਯੋਜਿਤ ਕਰਵਾਏ।

ਅਜਿਹੇ ਕਾਰਜਾਂ ਲਈ ਉਨ੍ਹਾਂ ਨੇ ਦਿੱਲੀ ਅਤੇ ਚੰਡੀਗੜ੍ਹ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ-ਕੇਂਦਰਾਂ ਦੀ ਸਥਾਪਨਾ ਕੀਤੀ, ਜੋ ਅੱਜ ਤੱਕ ਵੀ ਨਿਰੰਤਰ ਕਾਰਜਸ਼ੀਲ ਹਨ।

ਗਿਆਨੀ ਜੀ ਪੰਜਾਬ ਵਿਧਾਨ ਪ੍ਰੀਸ਼ਦ ਦੇ 1958 ਤੋਂ 1961 ਤੱਕ ਮੈਂਬਰ ਰਹੇ। ਇੱਥੇ ਰਹਿੰਦਿਆਂ ਉਨ੍ਹਾਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਲਈ ਦੋ ਪ੍ਰਸਤਾਵ ਕੀਤੇ ਪੇਸ਼ ਕੀਤੇ ਅਤੇ ਇਨ੍ਹਾਂ ਦੀ ਕਾਇਮੀ ਲਈ ਸਾਰਥਕ ਉਪਰਾਲੇ ਕੀਤੇ।



ਗਿਆਨੀ ਜੀ ਵੱਲੋਂ ਲਿਖੀ ਕਲਾਸਿਕ ਪੁਸਤਕ 'ਮੇਰਾ ਪਿੰਡ' ਪੰਜਾਬ ਦੇ ਸਕੂਲਾਂ ਲਈ ਸਪਲੀਮੈਂਟਰੀ ਰੀਡਰ (ਪੰਜਵੀਂ ਤੋਂ ਅੱਠਵੀਂ ਤਕ) ਪੁਸਤਕਾਂ ਦੇ ਰੂਪ ਵਿੱਚ ਨਿਸ਼ਚਿਤ ਕੀਤੀ ਗਈ; ਯੂਨੀਵਰਸਿਟੀਆਂ ਵਿੱਚ ਗਿਆਨੀ ਦੇ ਕੋਰਸ ਲਈ ਅਤੇ ਪੰਜਾਬ ਤੇ ਦਿੱਲੀ ਵਿੱਚ ਐਮ ਏ ਦੀਆਂ ਜਮਾਤਾਂ ਵਿੱਚ ਪੜ੍ਹੀ ਤੇ ਪੜ੍ਹਾਈ ਜਾ ਰਹੀ ਹੈ। ਐਮ ਫਿਲ ਅਤੇ ਪੀਐਚਡੀ ਪੱਧਰ ਦਾ ਖੋਜ- ਕਾਰਜ ਵੀ ਇਸ ਸੰਬੰਧੀ ਹੋ ਚੁੱਕਾ ਹੈ। ਸੋਸ਼ਿਆਲੋਜੀ ਤੇ ਖੋਜ ਕਰਨ ਵਾਲੇ ਵਿਦੇਸ਼ੀ ਵਿਦਵਾਨਾਂ ਨੇ ਵੀ ਇਸ ਕਿਤਾਬ ਨੂੰ ਆਪਣੇ ਪੱਖਾਂ ਤੋਂ ਪੜ੍ਹਿਆ ਅਤੇ ਵਿਚਾਰਿਆ ਹੈ।

ਗਿਆਨੀ ਜੀ ਜੀਵਨ-ਭਰ ਖੋਜ-ਕਾਰਜਾਂ ਵਿੱਚ ਰੁੱਝੇ ਰਹੇ ਅਤੇ ਅੰਤ 17 ਜਨਵਰੀ 2007 ਨੂੰ ਸਦੀਵੀ ਅਲਵਿਦਾ ਕਹਿ ਗਏ। ਉਨ੍ਹਾਂ ਦੀ ਸ਼ਖ਼ਸੀਅਤ, ਧਰਮ, ਸਾਹਿਤ, ਸਿਆਸਤ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਉਨ੍ਹਾਂ ਦੀ ਬਰਸੀ ਉੱਤੇ ਵਿਦਵਾਨਾਂ, ਪੱਤਰਕਾਰਾਂ ਤੇ ਉੱਘੀਆਂ ਸ਼ਖ਼ਸੀਅਤਾਂ ਦੇ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਲਿਖੇ ਲੇਖਾਂ ਅਤੇ ਤਸਵੀਰਾਂ ਨਾਲ ਸੁਸੱਜਿਤ 230 ਪੰਨਿਆਂ ਦੀ ਯਾਦਗਾਰੀ ਪੁਸਤਕ "ਗਿਆਨੀ ਗੁਰਦਿੱਤ ਸਿੰਘ 1923-2007" ਰਾਹੀਂ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੁਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


TAKE CONTROL OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing, Hormone Testing, Diabetes Monitoring, STD Testing, & More!
NO INSURANCE? NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336

WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS
Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



Apply online at www.lendingassets.com and check out the live lowest rates on our website

REALTY
UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਵਿੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕੱਿਸੇ:**

**2017 ਗੁੜਗਾਂਵ:**
**7 ਸਾਲਾਂ ਵੱਿਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵੱਿਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵੱਿਚ 58% ਵਾਧਾ**

**ਆਪਣੇ ਭਵੱਿਖ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO
ADVERTISEMENTS
We make professional video advertisements for your business in Punjabi, Hindi & English
POSTERS
DESIGN
We design flyers, Posters and
Post Cards to promote your business
BUSINESS CARD
DESIGN
WE DESIGN YOUR
BUSINESS CARD
SOCIAL MEDIA
HANDLERS
We can manage your Business social media handlers Facebook, instagram & YouTube
24/7 TECH
SUPPORT
We provide 24/7 tech support
For more information call
Boota Singh Basi +1 (209) 303-1260

# ਮਹਾਰਾਸ਼ਟਰ ਵਿਖੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ‘ਹਿੰਦ ਦੀ ਚਾਦਰ’ ਸਿਹਤ ਕੈਂਪ ਆਯੋਜਿਤ

## ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਸਮਾਜ ਭਲਾਈ ਲਈ ਫੜਨਵੀਸ ਸਰਕਾਰ ਦਾ ਇੱਕ ਮਹੱਤਵਪੂਰਨ ਕਦਮ- ਗਿ.ਹਰਨਾਮ ਸਿੰਘ ਖਾਲਸਾ

ਮੁੰਬਈ
ਬਲਰਾਜ ਸਿੰਘ ਰਾਜਾ

ਮਹਾਰਾਸ਼ਟਰ ਵਿਖੇ ਖਾਰਘਰ (ਨਵੀਂ ਮੁੰਬਈ) ਦੇ ਉਵੇ ਮੈਦਾਨ ‘ਚ 28 ਫਰਵਰੀ ਤੇ 01 ਮਾਰਚ ਨੂੰ ਤੀਸਰੇ ਪੜਾਅ ਦੇ ਹੋਣ ਜਾ ਰਹੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਤੋਂ ਪਹਿਲਾਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ‘ਹਿੰਦ-ਦੀ-ਚਾਦਰ’ ਸਿਹਤ ਕੈਂਪ ਲਗਾਏ ਜਾ ਰਹੇ ਹਨ।

ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਵੱਲੋਂ ਜਾਰੀ ਵਿਸ਼ੇਸ਼ ਹਦਾਇਤਾਂ ਅਨੁਸਾਰ ਇਹ ਸਿਹਤ ਕੈਂਪ ਗੁਰੂ ਜੀ ਦੀ ਮਾਨਵਤਾ ਪ੍ਰਤੀ ਸੇਵਾ ਤੇ ਬਲਿਦਾਨ ਨੂੰ ਯਾਦ ਕਰਦੇ ਹੋਏ ਲੋੜਵੰਦ ਲੋਕਾਂ ਨੂੰ ਮੁਫਤ ਸਿਹਤ ਸਬੰਧੀ ਸਲਾਹ ,ਡਾਕਟਰੀ ਸਹਾਇਤਾ ਅਤੇ ਦਵਾਈਆਂ ਮੁਹੱਈਆ ਕਰਵਾਉਣ ਲਈ ਆਯੋਜਿਤ ਕੀਤੇ ਗਏ,ਜਿਸਦਾ ਉਦੇਸ਼ ਸ਼ਹੀਦੀ ਦਿਵਸ ਮੌਕੇ ਮਾਨਵਤਾ ਦੀ ਸੇਵਾ ਤੇ ਗੁਰੂ ਜੀ ਦੇ ਸੰਦੇਸ਼ ਨੂੰ ਮਹਾਰਾਸ਼ਟਰ ਦੇ ਘਰ-ਘਰ ਫੈਲਾਉਣਾ ਹੈ।



ਮੁੱਖ ਮੰਤਰੀ ਮਹਾਰਾਸ਼ਟਰਾ ਰਾਹਤ ਫੰਡ ਦੇ ਇੰਚਾਰਜ ਸ਼੍ਰੀ ਰਾਮੇਸ਼ਵਰ ਨਾਇਕ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ‘ਹਿੰਦ ਦੀ ਚਾਦਰ’ ਨਾਮ ਅਧੀਨ ਚਲਾਈ ਜਾ ਰਹੀ ਇਸ ਮੁਹਿੰਮ ਅਧੀਨ ਕੋਂਕਣ ਖੇਤਰ ਦੇ ਵੱਖ-ਵੱਖ ਹਿੱਸਿਆਂ ‘ਚ, ਜਿੱਥੇ ਸਿਹਤ ਸੇਵਾਵਾਂ ਦੀ ਲੋੜ ਹੈ,ਉੱਥੇ ਮਾਹਿਰ ਡਾਕਟਰਾਂ ਦੀ ਦੇਖ ਰੇਖ ਹੇਠ ਇੰਨ੍ਹਾ ਸਿਹਤ ਕੈਂਪਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ।ਸਿਹਤ ਕੈਂਪਾਂ ਦੌਰਾਨ ਲੋੜਵੰਦਾਂ ਲਈ ਸ਼ੂਗਰ, ਹਾਈ ਬਲੱਡ ਪ੍ਰੈਸ਼ਰ, ਐਕਸ-ਰੇ ਜਾਂਚ, ਹਰ ਤਰ੍ਹਾਂ ਦੇ ਖ਼ੂਨ ਦੇ ਟੈਸਟ, ਈ.ਸੀ.ਜੀ., ਕੈਂਸਰ ਦੀ ਜਾਂਚ ਤੇ ਇਲਾਜ ਤੋਂ ਇਲਾਵਾ ਗਰਭਵਤੀ ਮਹਿਲਾਵਾਂ ਦੀ ਜਾਂਚ, ਬੱਚੇ ਦੇ ਜਨਮ ਤੋਂ ਪਹਿਲਾਂ ਤੇ ਬਾਅਦ ਦੀਆਂ ਸੇਵਾਵਾਂ, ਟੀਕਾਕਰਨ, ਖੁਰਾਕ ਤੇ ਪੋਸ਼ਣ ਸੰਬੰਧੀ ਸਲਾਹ ਆਦਿ ਮੈਡੀਕਲ ਸੁਵਿਧਾਵਾਂ ਸ਼ਾਮਲ ਹਨ, ਜੋ ਲੋੜ ਅਨੁਸਾਰ ਮਰੀਜ਼ਾਂਨੂੰ ਮੁਫਤ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।ਸ਼੍ਰੀ ਨਾਇਕ ਨੇ ਦੱਸਿਆ ਕਿ ਇਹ ਸਿਹਤ ਕੈਂਪ 25 ਫਰਵਰੀ ਤੱਕ ਚੱਲਣਗੇ ਤੇ ਹੁਣ ਤੱਕ ਢਾਈ ਲੱਖ ਦੇ ਕਰੀਬ ਲੋੜਵੰਦ ਇੰਨ੍ਹਾਂ ਸੇਵਾਵਾਂ ਦਾ ਫਾਇਦਾ ਲੈ ਚੁੱਕੇ ਹਨ।

ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦੀ ਪੁਰਜ਼ੋਰ ਸ਼ਲਾਘਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ‘ਤੇ ਚੱਲਦਿਆਂ ਸਮਾਜ ਭਲਾਈ ਲਈ ਸਰਕਾਰ ਦਾ ਇਹ ਇੱਕ ਮਹੱਤਵਪੂਰਨ ਕਦਮ ਹੈ।

# ਤੁਰਕੀ ਵਿੱਚ ਐਫ-16 ਲੜਾਕੂ ਜਹਾਜ਼ ਕ੍ਰੈਸ਼, ਪਾਇਲਟ ਦੀ ਮੌਤ

ਬਾਲੀਕੇਸਿਰ
ਸਾਂਝੀ ਸੋਚ ਬਿਊਰੋ

ਸੋਮਵਾਰ ਦੇਰ ਰਾਤ ਪੱਛਮੀ ਤੁਰਕੀ ਦੇ ਸ਼ਹਿਰ ਬਾਲੀਕੇਸਿਰ ਵਿੱਚ ਤੁਰਕੀ ਹਵਾਈ ਸੈਨਾ ਦਾ ਇੱਕ ਐਫ-16 ਲੜਾਕੂ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਇਸ ਹਾਦਸੇ ਵਿੱਚ ਪਾਇਲਟ ਦੀ ਮੌਤ ਹੋ ਗਈ। ਅਧਿਕਾਰੀਆਂ ਦੇ ਅਨੁਸਾਰ, ਇਹ ਘਟਨਾ ਬਰਸਾ-ਇਜ਼ਮੀਰ ਹਾਈਵੇਅ ਦੇ ਨੇੜੇ ਵਾਪਰੀ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਹਾਦਸੇ ਦੀ ਜਾਣਕਾਰੀ ਮਿਲਣ ‘ਤੇ ਐਂਬੂਲੈਂਸਾਂ ਅਤੇ ਕਈ ਪੁਲਿਸ ਵਾਹਨ ਮੌਕੇ ‘ਤੇ ਪਹੁੰਚ ਗਏ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।ਲੜਾਕੂ ਜਹਾਜ਼ ਬਾਲੀਕੇਸਿਰ ਵਿੱਚ 9ਵੇਂ ਮੁੱਖ ਜੈੱਟ ਬੇਸ ਕਮਾਂਡ ਦਾ ਦੱਸਿਆ ਜਾ



ਰਿਹਾ ਹੈ। ਲੜਾਕੂ ਜਹਾਜ਼ ਉਡਾਣ ਦੌਰਾਨ ਸਥਾਨਕ ਸਮੇਂ ਅਨੁਸਾਰ ਰਾਤ 1 ਵਜੇ ਦੇ ਕਰੀਬ ਹਾਦਸਾਗ੍ਰਸਤ ਹੋ ਗਿਆ। ਤੁਰਕੀ ਦੇ ਰੱਖਿਆ ਮੰਤਰਾਲੇ ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ, ਅਤੇ ਪੂਰੀ ਜਾਂਚ ਤੋਂ ਬਾਅਦ ਹੀ ਸੱਚਾਈ ਸਾਹਮਣੇ ਆਵੇਗੀ। ਨਿਆਂ ਮੰਤਰੀ ਅਕਿਨ ਗੁਰਲੇਕ ਨੇ ਇਹ ਵੀ ਕਿਹਾ ਕਿ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪਾਕਿਸਤਾਨ 'ਚ ਸੁਰੱਖਿਆ ਚੌਂਕੀ 'ਤੇ ਆਤਮਘਾਤੀ ਹਮਲਾ: 2 ਪੁਲਿਸ ਮੁਲਾਜ਼ਮਾਂ ਦੀ ਮੌਤ

## ਇੱਕ ਦਿਨ ਵਿੱਚ ਵੱਖ-ਵੱਖ ਹਮਲਿਆਂ ਵਿੱਚ 7 ਪੁਲਿਸ ਮੁਲਾਜ਼ਮ ਹਲਾਕ

ਭਾਕਰ
ਸਾਂਝੀ ਸੋਚ ਬਿਊਰੋ

ਮੰਗਲਵਾਰ ਨੂੰ ਪਾਕਿਸਤਾਨ ਵਿੱਚ ਵੱਖ-ਵੱਖ ਹਮਲਿਆਂ ਵਿੱਚ ਸੱਤ ਪੁਲਿਸ ਮੁਲਾਜ਼ਮ ਹਲਾਕ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਸੂਬੇ ਦੇ ਭਾਕਰ ਜ਼ਿਲ੍ਹੇ ਵਿੱਚ ਇੱਕ ਸੁਰੱਖਿਆ ਚੌਕੀ ‘ਤੇ ਆਤਮਘਾਤੀ ਹਮਲਾ ਹੋਇਆ। ਪੰਜਾਬ ਪੁਲਿਸ ਮੁਖੀ ਅਬਦੁਲ ਕਰੀਮ ਦੇ ਅਨੁਸਾਰ, ਹਮਲੇ ਵਿੱਚ ਦੋ ਪੁਲਿਸ ਮੁਲਾਜ਼ਮ ਮਾਰੇ ਗਏ। ਧਮਾਕੇ ਵਿੱਚ ਤਿੰਨ ਨਾਗਰਿਕ ਵੀ ਜ਼ਖਮੀ ਹੋਏ, ਜਿਨ੍ਹਾਂ ਵਿੱਚ ਪੋਲੀਓ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਦੋ ਸਿਹਤ ਕਰਮਚਾਰੀ ਵੀ ਸ਼ਾਮਲ ਹਨ।ਇਸ ਤੋਂ ਪਹਿਲਾਂ ਉਸੇ ਦਿਨ, ਖੈਬਰ ਪਖਤੂਨਖਵਾ ਸੂਬੇ ਦੇ ਕੋਹਾਟ ਖੇਤਰ ਵਿੱਚ ਅੱਤਵਾਦੀਆਂ ਨੇ ਇੱਕ ਪੁਲਿਸ ਵਾਹਨ ‘ਤੇ ਹਮਲਾ ਕੀਤਾ। ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਕਿਹਾ ਕਿ ਹਮਲੇ ਵਿੱਚ ਇੱਕ ਸੀਨੀਅਰ ਅਧਿਕਾਰੀ ਸਮੇਤ ਪੰਜ



ਪੁਲਿਸ ਮੁਲਾਜ਼ਮ ਅਤੇ ਦੋ ਨਾਗਰਿਕ ਮਾਰੇ ਗਏ। ਕੋਹਾਟ ਜ਼ਿਲ੍ਹਾ ਪੁਲਿਸ ਅਧਿਕਾਰੀ ਸ਼ਾਹਬਾਜ਼ ਇਲਾਹੀ ਨੇ ਕਿਹਾ ਕਿ ਹਮਲੇ ਵਿੱਚ ਤਿੰਨ ਹੋਰ ਲੋਕ ਵੀ ਜ਼ਖਮੀ ਹੋਏ।ਪਿਛਲੇ ਹਫ਼ਤੇ ਦੌਰਾਨ ਖੈਬਰ ਪਖਤੂਨਖਵਾ ਅਤੇ ਦੱਖਣ-ਪੱਛਮੀ ਬਲੋਚਿਸਤਾਨ ਸੂਬਿਆਂ ਵਿੱਚ ਅੱਤਵਾਦੀਆਂ ਵਿਰੁੱਧ ਝੜਪਾਂ ਅਤੇ ਸੁਰੱਖਿਆ ਕਾਰਵਾਈਆਂ ਵਿੱਚ ਇੱਕ ਸੀਨੀਅਰ ਫੌਜ ਅਧਿਕਾਰੀ ਸਮੇਤ ਘੱਟੋ-ਘੱਟ 16 ਸੁਰੱਖਿਆ ਕਰਮਚਾਰੀ ਮਾਰੇ ਗਏ ਹਨ। ਫੌਜ ਦੇ ਅਨੁਸਾਰ, ਇਨ੍ਹਾਂ ਕਾਰਵਾਈਆਂ ਅਤੇ ਹਮਲਿਆਂ ਵਿੱਚ 53 ਅੱਤਵਾਦੀ ਵੀ ਮਾਰੇ ਗਏ। ਹਾਲ ਹੀ ਦੇ ਸਾਲਾਂ ਵਿੱਚ ਪਾਕਿਸਤਾਨ ਵਿੱਚ ਅੱਤਵਾਦੀ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਸੁਰੱਖਿਆ ਬਲਾਂ, ਪੁਲਿਸ ਅਤੇ ਸਰਕਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਖਾਸ ਕਰਕੇ ਖੈਬਰ ਪਖਤੂਨਖਵਾ ਅਤੇ ਬਲੋਚਿਸਤਾਨ ਵਿੱਚ।

# ਇਜ਼ਰਾਈਲ ਪਹੁੰਚੇ ਪ੍ਰਧਾਨ ਮੰਤਰੀ ਮੋਦੀ, ਹਵਾਈ ਅੱਡੇ 'ਤੇ ਨੇਤਨਯਾਹੂ ਨੇ ਕੀਤਾ ਗਰਮਜੋਸ਼ੀ ਨਾਲ ਸਵਾਗਤ

ਇਜ਼ਰਾਈਲ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਜ਼ਰਾਈਲ ਪਹੁੰਚ ਗਏ ਹਨ।ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਨੇਤਨਯਾਹੂ ਨੇ ਏਅਰਪੋਰਟ ‘ਤੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਇਸ ਦੌਰਾਨ ਰਾਸ਼ਟਰੀ ਗੀਤ ਦੇ ਨਾਲ ਪ੍ਰਧਾਨ ਮੰਤਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਨੂੰ ਗਾਰਡ ਆਫ਼ ਆਨਰ ਦਿੱਤਾ ਗਿਆ।

ਪ੍ਰਧਾਨ ਮੰਤਰੀ ਮੋਦੀ 9 ਸਾਲਾਂ ਬਾਅਦ ਇਜ਼ਰਾਈਲ ਯਾਤਰਾ ‘ਤੇ ਗਏ ਹਨ। ਇਸ ਤੋਂ ਪਹਿਲਾਂ ਉਹ ਜੁਲਾਈ 2017 ਵਿੱਚ ਗਏ ਸਨ। ਪੀ.ਐਮ. ਮੋਦੀ ਅੱਜ ਨੇਤਨਯਾਹੂ ਨਾਲ ਦੁਵੱਲੀ



ਗੱਲਬਾਤ ਕਰਨਗੇ।

ਇਸ ਤੋਂ ਇਲਾਵਾ, ਉਹ ਅੱਜ ਇਜ਼ਰਾਈਲ ਦੀ ਸੰਸਦ ਨੂੰ ਵੀ ਸੰਬੋਧਨ ਕਰਨਗੇ। ਇਜ਼ਰਾਈਲ ਰਵਾਨਾ ਹੋਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, “ਮੈਂ ਆਪਣੇ ਦੋਸਤ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਸੱਦੇ ‘ਤੇ ਇਜ਼ਰਾਈਲ ਦਾ ਸਰਕਾਰੀ ਦੌਰਾ ਕਰ ਰਿਹਾ ਹਾਂ। ਭਾਰਤ ਅਤੇ ਇਜ਼ਰਾਈਲ ਵਿਚਕਾਰ ਇੱਕ ਮਜ਼ਬੂਤ ਅਤੇ ਬਹੁਪੱਖੀ ਰਣਨੀਤਕ ਭਾਈਵਾਲੀ ਹੈ, ਜਿਸ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਵਾਧਾ ਅਤੇ ਤੇਜ਼ੀ ਆਈ ਹੈ।”

# ਨਰਿੰਦਰ ਮੋਦੀ ਨੂੰ ਮਿਲਿਆ ਇਜ਼ਰਾਈਲੀ ਸੰਸਦ ਦਾ ਸਰਵਉੱਚ ਸਨਮਾਨ

## ਨੇਤਨਯਾਹੂ ਨੇ ਮੋਦੀ ਨੂੰ ਕਿਹਾ ‘ਏਸ਼ੀਆ ਦਾ ਸ਼ੇਰ’

ਇਜ਼ਰਾਈਲ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਦੋ ਦਿਨਾਂ ਦੌਰੇ ਲਈ ਇਜ਼ਰਾਈਲ ਪਹੁੰਚੇ ਹੋਏ ਹਨ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸਾਰਾ ਨੇਤਨਯਾਹੂ ਨੇ ਹਵਾਈ ਅੱਡੇ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕੀਤਾ। ਇਸ ਤੋਂ ਬਾਅਦ, ਪ੍ਰਧਾਨ ਮੰਤਰੀ ਮੋਦੀ ਨੇ ਇਜ਼ਰਾਈਲੀ ਸੰਸਦ, ਨੇਸੈੱਟ ਨੂੰ ਸੰਬੋਧਨ ਕੀਤਾ, ਜਿੱਥੇ ਉਨ੍ਹਾਂ ਨੂੰ ਸੰਸਦ ਦੇ ਸਰਵਉੱਚ ਸਨਮਾਨ, ਨੇਸੈੱਟ ਮੈਡਲ ਦੇ ਸਪੀਕਰ ਨਾਲ ਸਨਮਾਨਿਤ ਕੀਤਾ ਗਿਆ।



ਨੇਸੈੱਟ ਨੂੰ ਸੰਬੋਧਨ ਕਰਦੇ ਹੋਏ, ਮੋਦੀ ਨੇ ਇਜ਼ਰਾਈਲ ‘ਤੇ ਹਮਾਸ ਹਮਲੇ ਦੀ ਨਿੰਦਾ ਕੀਤੀ।ਉਨ੍ਹਾਂ ਕਿਹਾ, “ਅਸੀਂ ਤੁਹਾਡੇ ਦਰਦ ਨੂੰ ਸਮਝਦੇ ਹਾਂ। ਭਾਰਤ ਲੰਬੇ ਸਮੇਂ ਤੋਂ ਅੱਤਵਾਦ ਤੋਂ ਪੀੜਤ ਹੈ। ਭਾਰਤ ਇਜ਼ਰਾਈਲ ਦੇ ਨਾਲ ਖੜ੍ਹਾ ਹੈ।”

ਨੇਤਨਯਾਹੂ ਨੇ ਕਿਹਾ, “ਮੋਦੀ ਮੇਰੇ ਭਰਾ ਵਾਂਗ ਹੈ; ਉਹ ਮੇਰੇ ਦਿਲ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ।” ਉਨ੍ਹਾਂ ਨੇ ਮੋਦੀ ਨੂੰ ‘ਏਸ਼ੀਆ ਦਾ ਸ਼ੇਰ’ ਅਤੇ ‘ਦੁਨੀਆ ਦਾ ਸਤਿਕਾਰਤ ਨੇਤਾ’ ਦੱਸਿਆ। ਮੋਦੀ ਨੇਸੈੱਟ ਨੂੰ ਸੰਬੋਧਨ ਕਰਨ ਵਾਲੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਹਨ। ਸੰਸਦ ਪਹੁੰਚਣ ‘ਤੇ, ਸੰਸਦ ਮੈਂਬਰਾਂ ਨੇ ਖੜ੍ਹੇ ਹੋ ਕੇ ਮੋਦੀ ਦਾ ਸਵਾਗਤ ਕੀਤਾ ਅਤੇ ਮੋਦੀ ਮੋਦੀ ਦੇ ਨਾਅਰੇ ਵੀ ਲਗਾਏ।

Space available for Ad
Contact # +1 (209) 303-1260

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician Since 1973
DHMS-Gold Medalist, BAMS, MDEH
Ex-Prof, Principal & CMO Medical Colleges/Hospitals in India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


Idiot Club
The Begining of Intelligence
Presents
DM
Premium Quality
JASPAL BHATTI
AWARDS
Organizers
Dr.Rajinder Rikhi
President
Dhwani Mehra
Sr.Vice President
81463-20009
AWARDEES FOR 14TH JASPAL BHATTI
B.N Sharma
Monika Malik
Jazim Sharma
Shekharr
Deepak Maini
Parmod Sharma Rana
Rajan Sharma
Dr.K.S Paras
Amandeep Kaur
Dr.Vijay Garg
Special Guest
Special Thanks
Shammi Choudhary
Patron
Rtn.Dalbir Singh Makkar
Date : 1st March 2026
Time : 4:30 pm onwards
Venue : Ishmeet Singh Music Institute
Rajguru Nagar, Ludhiana
SANJHI SOCH
Saraswati
Jyotish Centre
Sarain Road,Jandiala Guru
Amritsar
Dr.K.S Paras
9876986666
Bablu Sweets
Bakers & Restaurant
G.T. Road
Rayya Mandi
98786-01699, 98887-03130
BAT MEDIA
Promotions with Emotions
DM
UFFA
United Front For All
Bharatgas
COOK FOOD. SERVE LOVE.
Shaheed Jaskaran Gas Service G.T. Road, Rayya
ਗੱਡੀ ਦੀ ਹੱਟੀ
ਬੀ-13 ਦੁਕਾਨ ਨੰ:464
ਗਲੀ ਨੰ:7-8, ਫੀਲਡ ਗੰਜ, ਲੁਧਿਆਣਾ
ਹਰਪ੍ਰੀਤ ਚਾਵਲਾ
Mobile: 95365-00014
JANDIALA GURU





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅੱਜ ਆਉਣਗੇ ਭਾਰਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅੱਜ 26 ਫਰਵਰੀ ਨੂੰ ਭਾਰਤ ਆ ਰਹੇ ਹਨ। ਉਹ ਕਈ ਦਿਨਾਂ ਤੱਕ ਭਾਰਤ ਵਿੱਚ ਰਹਿਣਗੇ। ਇਹ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਭਾਰਤ ਦਾ ਪਹਿਲਾ ਅਧਿਕਾਰਤ ਦੌਰਾ ਹੈ। ਕਾਰਨੀ 2 ਮਾਰਚ ਨੂੰ ਨਵੀਂ ਦਿੱਲੀ ਵਿੱਚ ਉੱਚ ਪੱਧਰੀ ਗੱਲਬਾਤ ਲਈ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕਰਨਗੇ। ਆਪਣੀ ਭਾਰਤ ਫੇਰੀ ਦੌਰਾਨ, ਦੋਵੇਂ ਨੇਤਾ ਵਪਾਰ, ਊਰਜਾ, ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ, ਪ੍ਰਤਿਭਾ ਅਤੇ ਸੱਭਿਆਚਾਰ, ਅਤੇ ਰੱਖਿਆ ਵਿੱਚ ਮਹੱਤਵਾਕਾਂਖੀ ਨਵੀਆਂ ਭਾਈਵਾਲੀ ਦੇ ਨਾਲ, ਕੈਨੇਡਾ-ਭਾਰਤ ਸਬੰਧਾਂ ਨੂੰ ਉੱਚਾ ਚੁੱਕਣ ਅਤੇ ਵਧਾਉਣ ਬਾਰੇ ਚਰਚਾ ਕਰਨਗੇ।ਦੱਸ ਦਈਏ ਕਿ ਇਸ ਵਾਰ ਕੈਨੇਡੀਅਨ ਪ੍ਰਧਾਨ ਮੰਤਰੀ ਦੇ ਦੌਰੇ 'ਚ ਪੰਜਾਬ ਸ਼ਾਮਿਲ ਨਹੀਂ ਹੈ ਉਹ ਸਿਫ਼ਰ ਮੁੰਬਈ ਅਤੇ ਨਵੀਂ ਦਿੱਲੀ ਹੀ ਆਉਣਗੇ। ਮੰਨਿਆ ਜਾ ਰਿਹਾ ਹੈ ਕਾਰਨੀ ਸਰਕਾਰ ਭਾਰਤ ਦੀ ਕਿਸੇ ਵੀ ਪੱਖੋ ਨਾਰਾਜਗੀ ਤੋਂ ਬਚਣਾ ਚਾਹੁੰਦੀ ਹੈ, ਕਿਉਂਕਿ ਕੈਨੇਡਾ ਦੀ ਧਰਤੀ ਤੇ ਸਰਗਰਮ ਖਾਲਿਸਤਾਨੀਆਂ ਦੀਆਂ ਗਤੀਵਿਧੀਆਂ ਕਾਰਮ ਕੈਨੇਡਾ ਨਾਲ ਭਾਰਤ ਸਰਕਾਰ ਦਾ ਤਣਾਅ ਦਾ ਵੱਡਾ ਕਾਰਨ ਹੈ। ਇਸ ਲਈ ਉਨ੍ਹਾਂ ਨੇ ਇਸ ਦੌਰੇ ਦੌਰਾਨ ਪੰਜਾਬ ਨੂੰ ਆਪਣੇ ਪ੍ਰੋਗਰਾਮ 'ਚ ਸ਼ਾਮਿਲ ਨਹੀਂ ਕੀਤਾ ਹੈ।ਇਸ ਤੋਂ ਪਹਿਲਾਂ, ਪ੍ਰਧਾਨ ਮੰਤਰੀ ਮੋਦੀ ਨਵੰਬਰ 2025 ਵਿੱਚ ਜੋਹਾਨਸਬਰਗ ਵਿੱਚ ਜੀ20 ਸੰਮੇਲਨ ਦੇ ਮੌਕੇ 'ਤੇ ਕਾਰਨੀ ਨਾਲ ਮਿਲੇ ਸਨ। 2024 ਵਿੱਚ, ਭਾਰਤ ਕੈਨੇਡਾ ਦਾ 7ਵਾਂ ਸਭ ਤੋਂ ਵੱਡਾ ਵਸਤੂਆਂ ਅਤੇ ਸੇਵਾਵਾਂ ਵਪਾਰਕ ਭਾਈਵਾਲ ਸੀ। ਦੋਵਾਂ ਦੇਸ਼ਾਂ ਵਿਚਕਾਰ ਵਪਾਰ $30.8 ਬਿਲੀਅਨ ਸੀ।ਦੱਸ ਦਈਏ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਅੱਜ 26 ਫਰਵਰੀ ਤੋਂ 7 ਮਾਰਚ, 2026 ਇਨ੍ਹਾਂ ਤਿੰਨਾਂ ਦੇਸ਼ਾਂ ਦਾ ਦੌਰਾ ਕਰਨਗੇ। ਭਾਰਤ ਤੋਂ ਇਲਾਵਾ ਕਾਰਨੀ ਆਸਟ੍ਰੇਲੀਆ ਅਤੇ ਜਾਪਾਨ ਵੀ ਜਾਣਗੇ।

# 52.6 ਲੱਖ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਸਮੂਹਿਕ ਤੌਰ 'ਤੇ 'ਹਿੰਦ ਦੀ ਚਾਦਰ' ਗਾ ਕੇ ਬਣਾਇਆ ਵਿਸ਼ਵ ਰਿਕਾਰਡ

## 'ਬੈਸਟ ਆਫ਼ ਇੰਡੀਆ ਰਿਕਾਰਡਜ਼' ਨੇ ਇਸ ਗੀਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਅਤੇ ਇੱਕੋ ਸਮੇਂ ਗਾਏ ਗਏ ਸ਼ਰਧਾਂਜਲੀ ਗੀਤ ਵਜੋਂ ਕੀਤਾ ਪ੍ਰਮਾਣਿਤ

ਮੁੰਬਈ
ਬਲਰਾਜ ਸਿੰਘ ਰਾਜਾ

ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਤੇ ਦਮਦਮੀ ਟਕਸਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਸਰਪ੍ਰਸਤੀ 'ਚ ਮਹਾਰਾਸ਼ਟਰ ਵਿਖੇ 28 ਫਰਵਰੀ ਤੇ 1 ਮਾਰਚ ਨੂੰ ਖਾਰਘਰ (ਨਵੀਂ ਮੁੰਬਈ) ਦੇ ਉਵੇ ਮੈਦਾਨ 'ਚ ਜੋ ਸ਼ਹੀਦੀ ਸ਼ਤਾਬਦੀ ਸਮਾਗਮ ਮਨਾਏ ਜਾ ਰਹੇ ਹਨ,ਉਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਦੇ ਵਿਸ਼ੇਸ਼ ਉਪਰਾਲੇ ਸਦਕਾ ਬੀਤੀ 23 ਫਰਵਰੀ ਨੂੰ ਠੀਕ ਸਵੇਰੇ 9 ਵਜੇ ਕੋਂਕਣ ਖੇਤਰ ਦੀਆਂ ਕੁਲ 20,239 ਸੰਸਥਾਵਾਂ ਤੋਂ 51,13,208 ਵਿਦਿਆਰਥੀਆਂ ਤੇ 1,50,104 ਅਧਿਆਪਕਾਂ ਵੱਲੋਂ ਹਿੰਦ-ਦੀ-ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਨਮਨ ਹੁੰਦੇ ਹੋਏ ਸਮੂਹਿਕ ਤੌਰ 'ਤੇ ਇੱਕ ਹੀ ਸਮੇਂ 'ਹਿੰਦ-ਦੀ-ਚਾਦਰ'ਸ਼ਰਧਾਂਜ਼ਲੀ ਗੀਤ ਦੀ ਪੇਸ਼ਕਾਰੀ ਕੀਤੀ ਗਈ,ਜਿਸ ਤੋਂ ਬਾਅਦ ਦਿੱਲੀ ਸਥਿਤ ਰਿਕਾਰਡ ਰਜਿਸਟਰੀ 'ਬੈਸਟ ਆਫ਼ ਇੰਡੀਆ ਰਿਕਾਰਡਸ' ਨੇ 4.45 ਮਿੰਟ ਦੀ ਇਸ ਗੀਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਇੱਕੋ ਸਮੇਂ ਗਾਏ ਗਏ ਸ਼ਰਧਾਂਜਲੀ ਗੀਤ ਵਜੋਂ ਪ੍ਰਮਾਣਿਤ ਕੀਤਾ ਹੈ।




ਇਹ ਧਾਰਮਿਕ ਗੀਤ ਗੁਰੂ ਸਾਹਿਬ ਪ੍ਰਤੀ ਸ਼ਰਧਾਂ ਤੇ ਸ਼ਰਧਾਂਜਲੀ ਦਾ ਅਜਿਹਾ ਸੁਮੇਲ ਬਣਿਆ ਜੋ ਆਪਣੇ ਆਪ 'ਚ ਇੱਕ ਵਿਸ਼ਵ ਰਿਕਾਰਡ ਬਣ ਗਿਆ। 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਤੇ ਪ੍ਰਸਿੱਧ ਗਾਇਕ, ਕਵੀ ਤੇ ਚਿੰਤਕ ਡਾ. ਸਤਿੰਦਰ ਸਰਤਾਜ ਵੱਲੋਂ ਲਿਖਿਆ ਤੇ ਗਾਇਆ ਇਹ ਗੀਤ 25 ਅਕਤੂਬਰ 2025 ਨੂੰ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਰਿਲੀਜ਼ ਕੀਤਾ ਗਿਆ ਸੀ,ਜਿਸਨੂੰ ਅੱਜ ਸਕੂਲਾਂ ਅੰਦਰ ਕੁੱਲ 5,231,312 ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸਵੇਰ ਦੀ ਪ੍ਰਾਰਥਨਾ ਦੇ ਰੂਪ'ਚ ਗਾਇਆ ਗਿਆ।ਇਸ ਗੀਤ ਨੂੰ ਮਹਾਰਾਸ਼ਟਰ ਪੁਲਿਸ ਵਿਭਾਗ ਵਲੋਂ ਰਾਜ ਦੇ ਪੇਂਡੂ ਤੇ ਅੰਦਰੂਨੀ ਖੇਤਰਾਂ'ਚ ਲਾਉਡਸਪੀਕਰਾਂ ਰਾਹੀਂ ਪ੍ਰਸਾਰਿਤ ਕਰਨ ਲਈ ਵੀ ਅਧਿਕਾਰਤ ਨਿਰਦੇਸ਼ ਜਾਰੀ ਕੀਤੇ ਗਏ ਸਨ ਤੇ ਨਾਲ ਹੀ ਸਿਨੇਮਾ ਹਾਲਾਂ ਅੰਦਰ ਫਿਲਮ ਸਕ੍ਰੀਨਿੰਗ ਤੋਂ ਪਹਿਲਾਂ ਇਸ ਗੀਤ ਨੂੰ ਵਜਾਇਆ ਗਿਆ।

# 328 ਪਾਵਨ ਸਰੂਪਾਂ ਦਾ ਮਾਮਲਾ ਨਵੀਂ ਐਸਆਈਟੀ ਦਾ ਗਠਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਗੁੰਮ ਹੋਣ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਨੇ ਜਾਂਚ ਨੂੰ ਤੇਜ਼ ਕਰਦਿਆਂ ਵਿਸ਼ੇਸ਼ ਜਾਂਚ ਟੀਮ ਦਾ ਮੁੜ ਗਠਨ ਕੀਤਾ ਹੈ। ਜਾਂਚ ਬਿਊਰੋ ਨੇ 7 ਦਸੰਬਰ, 2025 ਨੂੰ ਪੁਲਿਸ ਸਟੇਸ਼ਨ 'ਸੀ' ਡਿਵੀਜ਼ਨ, ਅੰਮ੍ਰਿਤਸਰ ਵਿਖੇ ਦਰਜ ਐਫਆਈਆਰ ਨੰਬਰ 168 ਦੀ ਜਾਂਚ ਲਈ ਸ਼ੀਠ ਬਣਾਈ ਹੈ। ਇਹ ਮਾਮਲਾ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 295, 295-ਅ, 409, 465 ਅਤੇ 120-ਭ ਨਾਲ ਸਬੰਧਤ ਹੈ।

ਜਾਰੀ ਕੀਤੇ ਗਏ ਹੁਕਮ ਵਿੱਚ ਪਹਿਲਾਂ ਦੇ ਤਿੰਨ ਹੁਕਮਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਇੱਕ ਨਵੀਂ ਟੀਮ ਬਣਾਈ ਗਈ ਹੈ, ਜਿਸਦੀ ਨਿਗਰਾਨੀ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਕਰਨਗੇ। ਧੀਘ ਨਾਨਕ ਸਿੰਘ, ਿਫਸ਼, ਨੂੰ ਸ਼ੀਠ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

ਟੀਮ ਵਿੱਚ ਐਸਐਸਪੀ ਖੰਨਾ ਦਰਪਨ ਆਹਲੂਵਾਲੀਆ ਆਈਪੀਐਸ, ਐਸਪੀ ਡਿਟੈਕਟਿਵ ਪਟਿਆਲਾ ਗੁਰਬੰਸ ਸਿੰਘ ਬੈਂਸ ਪੀਪੀਐਸ, ਐਸਪੀ ਸਪੈਸ਼ਲ ਬ੍ਰਾਂਚ ਮੋਹਾਲੀ ਸੁਖਨਾਜ਼ ਸਿੰਘ ਪੀਪੀਐਸ, ਏਸੀਪੀ ਅੰਮ੍ਰਿਤਸਰ ਹਰਮਿੰਦਰ ਸਿੰਘ ਪੀਪੀਐਸ, ਅਤੇ ਐਸਐਚਓ ਸੀ-ਡਿਵੀਜ਼ਨ ਸਬ-ਇੰਸਪੈਕਟਰ ਰਾਜਵੰਤ ਕੌਰ ਸ਼ਾਮਲ ਹਨ।

ਆਦੇਸ਼ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਪੁਲਿਸ ਕਮਿਸ਼ਨਰ ਇੱਕ ਨਿਰਪੱਖ, ਵਿਗਿਆਨਕ ਅਤੇ ਤੇਜ਼ ਜਾਂਚ ਨੂੰ ਯਕੀਨੀ ਬਣਾਉਣ ਲਈ ਐਸਆਈਟੀ ਨੂੰ ਸਾਰੀ ਲੌਜਿਸਟਿਕਲ ਅਤੇ ਪ੍ਰਸ਼ਾਸਕੀ ਸਹਾਇਤਾ ਪ੍ਰਦਾਨ ਕਰਨਗੇ। ਜੇ ਲੋੜ ਹੋਵੇ ਤਾਂ ਐਸਆਈਟੀ ਵਿੱਚ ਹੋਰ ਅਧਿਕਾਰੀ ਵੀ ਸ਼ਾਮਲ ਹੋ ਸਕਦੇ ਹਨ।

# ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਦੀ ਅਹਿਮ ਇਕੱਤਰਤਾ ਅੱਜ ਗਿਆਨੀ ਰਘਬੀਰ ਸਿੰਘ ਬਾਰੇ ਲਿਆ ਜਾ ਸਕਦਾ ਹੈ ਵੱਡਾ ਫੈਸਲਾ

ਅੰਮ੍ਰਿਤਸਰ
ਧੈਰਿਆ ਮਹਿਰਾ




ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਦੀ ਇਕੱਤਰਤਾ ਅੱਜ 26 ਫਰਵਰੀ ਨੂੰ ਹੋਣ ਜਾ ਰਹੀ ਹੈ। ਜਾਣਕਾਰੀ ਮਿਲ ਰਹੀ ਹੈ ਕਿ ਇਸ ਇਕੱਤਰਤਾ 'ਚ ਗਿਆਨੀ ਰਘਬੀਰ ਸਿੰਘ ਦੇ ਸੰਬੰਧ 'ਚ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਅਗਲੇ ਮਹੀਨੇ ਹੋਣ ਵਾਲੇ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਇਜਲਾਸ ਦੀ ਤਰੀਕ ਦਾ ਵੀ ਐਲਾਨ ਹੋ ਸਕਦਾ ਹੈ।ਦੱਸ ਦਈਏ ਕਿ ਸ਼੍ਰੋਮਣੀ ਕਮੇਟੀ ਵਲੋਂ ਛੁੱਟੀ 'ਤੇ ਚੱਲ ਰਹੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਚ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਾਏ ਗਏ ਸਨ। ਇਨ੍ਹਾਂ ਇਲਜ਼ਾਮਾਂ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਜਵਾਬ ਦੇਣ ਲਈ 72 ਘੰਟੇ ਦਾ ਸਮਾਂ ਦਿੱਤਾ ਸੀ, ਜਿਸ ਦੀ ਮਿਆਦ ਹੁਣ ਖਤਮ ਹੋ ਗਈ ਹੈ। ਇਸ ਮਿਆਦ ਦੇ ਖਤਮ ਹੋਣ ਸਾਰ ਹੀ ਸ਼੍ਰੋਮਣੀ ਕਮੇਟੀ ਨੇ ਅੰਤਰਿਮ ਕਮੇਟੀ ਦੀ ਇਕੱਤਰਤਾ ਸੱਦ ਲਈ ਸੀ, ਉਮੀਦ ਕੀਤੀ ਜਾ ਰਹੀ ਹੈ ਕਿ ਇਸ ਦੌਰਾਨ ਹੀ ਗਿਆਨੀ ਰਘਬੀਰ ਸਿੰਘ ਬਾਰੇ ਕੋਈ ਵੱਡਾ ਫੈਸਲਾ ਲਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਕਈ ਹੋਰ ਪੰਥਕ ਫੈਸਲੇ ਵੀ ਇਸ ਮੀਟਿੰਗ 'ਚ ਲਏ ਜਾ ਸਕਦੇ ਹਨ।




GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

Where Hope Meets

IMMIGRATION OPPORTUNITIES

USA SERVICES :

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

INDIAN SERVICES :

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।


ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


Pal Films Production
All Your Photo/Videography & Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# 10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ-2026 ਗ਼ਜ਼ਲਗੋ ਗੁਰਦਿਆਲ ਰੌਸ਼ਨ ਦੀ ਝੋਲ਼ੀ

## ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਅਤੇ ਇਪਸਾ ਆਸਟਰੇਲੀਆ ਵੱਲੋਂ ਸਮਾਗਮ 1 ਮਾਰਚ ਨੂੰ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਪਿਛਲੇ 41 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਇਪਸਾ ਆਸਟਰੇਲੀਆ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਮਿਤੀ 1 ਮਾਰਚ 2026, ਐਤਵਾਰ, ਸਵੇਰੇ 10.30 ਵਜੇ ਦਸ਼ਮੇਸ਼ ਪਬਲਿਕ ਸੀ:ਸੈ:ਸਕੂਲ, ਨਜ਼ਦੀਕ ਗੁ: ਬਾਬਾ ਪਾਲਾ ਜੀ ਅਤੇ ਛਾਉਣੀ ਸਾਹਿਬ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ।
ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਇਪਸਾ ਆਸਟਰੇਲੀਆ ਦੇ ਕੋਆਰਡੀਨੇਟਰ ਸਰਬਜੀਤ ਸੋਹੀ ਦੀ ਜਾਣਕਾਰੀ ਅਨੁਸਾਰ ਐਤਕੀਂ 10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ-2026, ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੂੰ ਦਿੱਤਾ ਜਾਵੇਗਾ, ਜਿਸ ਵਿੱਚ 21000 ਰੁ: ਦੀ ਨਗਰ ਰਾਸ਼ੀ, ਦੋਸ਼ਾਲਾ ਅਤੇ ਸਨਮਾਨ ਚਿੰਨ ਭੇਟ ਕੀਤਾ ਜਾਵੇਗਾ।
ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ:ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸਕੱਤਰ ਨਵਦੀਪ ਸਿੰਘ ਬਦੇਸ਼ਾ ਅਤੇ ਪ੍ਰੈਸ ਸਕੱਤਰ ਬਲਵਿੰਦਰ ਸਿੰਘ ਅਠੌਲਾ ਨੇ ਦੱਸਿਆ ਹੈ ਕਿ ਸਮਾਗਮ ਵਿੱਚ ਬਖਤਾਵਰ ਸਿੰਘ ਸ਼ੇਰਗਿੱਲ (ਆਈ.ਏ.ਐਸ (ਸਾ:ਕਮਿਸ਼ਨਰ), ਪ੍ਰੋ:ਜਗਰੂਪ ਸਿੰਘ ਸੇਖੋਂ (ਸਾਬਕਾ ਮੁਖੀ ਰਾਜਨੀਤੀ ਸ਼ਾਸ਼ਤਰ ਵਿਭਾਗ ਜੀ.ਐਨ.ਡੀ. ਯੂਨੀਵਰਸਿਟੀ ਅੰਮ੍ਰਿਤਸਰ) ਬਤੌਰ ਮੁੱਖ ਮਹਿਮਾਨ ਪੁਜਣਗੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਮੱਖਣ ਸਿੰਘ ਕੋਹਾੜ (ਸੀ: ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਡਾ: ਗੋਪਾਲ ਸਿੰਘ ਬੁੱਟਰ (ਸਹਾਇਕ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ), ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰੀ ਮੈਂਬਰ ਗੁਰਮੀਤ ਸਿੰਘ ਬਾਜਵਾ, ਪ੍ਰਿੰਸੀਪਲ ਕੁਲਬੀਰ ਸਿੰਘ ਮਾਨ (ਦਸ਼ਮੇਸ਼ ਸਕੂਲ), ਡਾ: ਗਗਨਦੀਪ (ਪ੍ਰਧਾਨ ਮਝੈਲਾਂ ਦੀ ਸੱਥ), ਕੀਰਤ ਪ੍ਰਤਾਪ ਸਿੰਘ ਪੰਨੂੰ (ਪ੍ਰਧਾਨ ਮਾਝਾ ਜਨਵਾਦੀ ਲੇਖਕ ਸਭਾ), ਕੁਲਵਿੰਦਰ ਸਿੰਘ ਗਾਖਲ (ਪ੍ਰਧਾਨ ਪੰਜਾਬ ਸਾਹਿਤਕ ਮੰਚ, ਜਲੰਧਰ) ਸੁਸ਼ੋਭਿਤ ਹੋਣਗੇ। ਹਾਜ਼ਰੀਨ ਵੱਲੋਂ ਕਵੀ ਦਰਬਾਰ ਹੋਵੇਗਾ।



# ਮੈਨੂੰ ਟਕੋਮਾ ਡਿਟੈਨਸ਼ਨ ਸੈਂਟਰ ਵਿੱਚ ਜਾਣ ਤੋਂ ਰੋਕਿਆ ਗਿਆ-ਪ੍ਰਾਮਿਲਾ ਜਯਾਪਾਲ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਸਦਨ ਦੀ ਇਮੀਗ੍ਰੇਸ਼ਨ, ਇਨਟੈਗਰਿਟੀ,ਸਕਿਉਰਿਟੀ ਅਤੇ ਇਨਫੋਰਸਮੈਂਟ ਸਬ ਕਮੇਟੀ ਦੀ ਅਹਿਮ ਮੈਂਬਰ ਪ੍ਰਾਮਿਲਾ ਜਯਾਪਾਲ ਨੇ ਕਿਹਾ ਹੈ ਕਿ ਉਸ ਵਲੋਂ ਕੀਤੇ ਉੱਤਰ ਪੱਛਮੀ ਆਈ ਸੀ ਈ ਪ੍ਰਾਸੈਸਿੰਗ ਸੈਂਟਰ ਦੇ ਨਰੀਖਣ ਵਿੱਚ ਰੁਕਾਵਟਾਂ ਪਾਈਆਂ ਗਈਆਂ, ਜਾਣ ਬੁਝ ਕੇ ਕਈ ਘੰਟੇ ਦੇਰੀ ਕੀਤੀ ਗਈ ਹਾਲਾਂ ਕਿ ਉਸ ਨੇ ਇਸ ਸਬੰਧੀ ਅਗਾਊਂ ਸੂਚਿਤ ਕੀਤਾ ਸੀ। ਟਕੋਮਾ ਡਿਟੈਨਸ਼ਨ ਸੈਂਟਰ ਦੇ ਦੌਰੇ ਤੋਂ ਬਾਅਦ ਕਾਂਗਰਸ ਮੈਂਬਰ ਜਯਾਪਾਲ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਉਸ ਨੇ ਡਿਟੈਨਸ਼ਨ ਸੈਂਟਰ ਦੇ ਨਰੀਖਣ ਤੇ ਫੜੇ ਕੁਝ ਲੋਕਾਂ ਲਈ ਰਲੀਜ ਫਾਰਮ ਲੈਣ ਵਾਸਤੇ 8 ਦਿਨਾਂ ਦਾ ਨੋਟਿਸ ਦਿੱਤਾ ਸੀ। ਇਸ ਦੇ ਬਾਵਜੂਦ ਅਧਿਕਾਰੀਆਂ ਨੇ ਮੈਨੂੰ ਕਿਹਾ ਕਿ ਉਨ੍ਹਾਂ ਨੂੰ ਕੇਵਲ ਡਿਟੈਨਸ਼ਨ ਸੈਂਟਰ ਦੇ ਦੌਰੇ ਦੀ ਪ੍ਰਵਾਨਗੀ ਦਿੱਤੀ ਗਈ ਹੈ ਤੇ ਉਹ ਫੜੇ ਵਿਅਕਤੀਆਂ ਜਾਂ ਸੀਨੀਅਰ ਸਟਾਫ ਨੂੰ ਨਹੀਂ ਮਿਲ ਸਕਦੇ। ਇਸ 'ਤੇ ਉਸ ਨੇ ਡਿਟੈਨਸ਼ਨ ਸੈਂਟਰ ਵਿਚੋਂ ਜਾਣ ਤੋਂ ਨਾਂਹ ਕਰ ਦਿੱਤੀ ਤੇ ਕਈ ਘੰਟਿਆਂ ਤੋਂ ਬਾਅਦ ਉਸ ਨੂੰ ਇਕ ਵਿਅਕਤੀ ਨੂੰ ਮਿਲਾਇਆ ਗਿਆ ਜਿਸ ਦਾ ਵਕੀਲ ਵੀ ਉਥੇ ਮੌਜੂਦ ਸੀ। ਉਨਾਂ ਕਿਹਾ ਕਿ ਇਹ ਮੁਲਾਕਾਤ ਵੀ ਵਕੀਲ ਦੇ ਪ੍ਰਾਈਵੇਟ ਕਮਰੇ ਦੀ ਬਜਾਏ ਜਨਤਿਕ ਆਵਾਜਾਈ ਵਾਲੇ ਖੇਤਰ ਵਿਚ ਕਰਵਾਈ ਗਈ ਜਦ ਕਿ ਇਕ ਕਾਂਗਰਸ ਮੈਂਬਰ ਵਜੋਂ ਮੈਨੂੰ ਪਹਿਲਾਂ ਨਿੱਜੀ ਕਮਰੇ ਵਿਚ ਮਿਲਣ ਦੀ ਇਜਾਜਤ ਦਿੱਤੀ ਗਈ ਸੀ। ਜਯਾਪਾਲ ਨੇ ਕਿਹਾ ਕਿ ਮੇਰਾ ਇਹ ਤਜ਼ਰਬਾ ਬਹੁਤ ਮਾੜਾ ਰਿਹਾ ਜਦ ਕਿ ਫੜਿਆ ਗਿਆ ਵਿਅਕਤੀ ਜਿਸ ਨੂੰ ਉਹ ਮਿਲਣ ਗਈ ਸੀ, ਆਪਣੀ 8ਸਾਲਾ ਅਮਰੀਕੀ ਨਾਗਰਿਕ ਧੀ ਦੀ ਦੇਖਭਾਲ ਕਰਨ ਵਾਲਾ ਇਕੋਇਕ ਵਿਅਕਤੀ ਹੈ। ਇਸ ਵਿਅਕਤੀ ਨੂੰ ਗੰਭੀਰ ਸਿਹਤ ਸਮੱਸਿਆਵਾਂ ਹਨ। ਉਨਾਂ ਦੋਸ਼ ਲਾਇਆ ਕਿ ਇਸ ਸਭ ਲਈ ਹੋਮਲੈਂਡ ਸਕਿਉਰਿਟੀ ਵਿਭਾਗ ਦੀ ਅੰਡਰ ਸੈਕਟਰੀ ਕ੍ਰਿਸਟੀ ਨੋਏਮ ਜਿੰਮੇਵਾਰ ਹੈ। ਜਯਾਪਾਲ ਨੇ ਜੋਰ ਦੇ ਕੇ ਕਿਹਾ ਹੈ ਕਿ ਉਹ ਦੁਬਾਰਾ ਫਿਰ ਡਿਟੈਨਸ਼ਨ ਸੈਂਟਰ ਜਾਵੇਗੀ ਤੇ ਉਹ ਆਪਣੀਆਂ ਜਿੰਮੇਵਾਰੀਆਂ ਨਿਰੰਤਰ ਨਿਭਾਉਂਦੀ ਰਹੇਗੀ।



# ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਦੁਆਰਾ 18 ਤੋਂ 22 ਮਾਰਚ ਤੱਕ ਹੋਣ ਵਾਲੀ ਸ਼੍ਰੀ ਰਾਮ ਕਥਾ ਦੇ ਸਬੰਧ ਵਿੱਚ ਪਹਿਲੀ ਸੰਧਿਆ ਫੇਰੀ ਦਾ ਆਯੋਜਨ ਕੀਤਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਦੁਆਰਾ 18 ਤੋਂ 22 ਮਾਰਚ ਤੱਕ ਆਈਟੀਆਈ (ਮਹਿਲਾ) ਗਰਾਊਂਡ, ਬੇਰੀ ਗੇਟ ਵਿਖੇ ਹੋਣ ਵਾਲੀ ਸ਼੍ਰੀ ਰਾਮ ਕਥਾ ਦੇ ਸਬੰਧ ਵਿੱਚ ਪਹਿਲੀ ਸੰਧਿਆ ਫੇਰੀ ਦਾ ਆਯੋਜਨ ਕੀਤਾ। ਇਹ ਫੇਰੀ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਰ ਤੋਂ ਸ਼ੁਰੂ ਹੋਈ ਅਤੇ ਸੇਵਾ ਸੰਮਤੀ ਦੇ ਨੇੜੇ ਸ਼ਿਵਾਲਾ ਗੰਜ ਮੋਰੀ ਵਿਖੇ ਸ਼ਰਧਾ ਅਤੇ ਸ਼ਰਧਾ ਨਾਲ ਸਮਾਪਤ ਹੋਈ। ਇਸ ਅਧਿਆਤਮਿਕ ਯਾਤਰਾ ਦਾ ਉਦੇਸ਼ ਸਮਾਜ ਵਿੱਚ ਸ਼ਰਧਾ, ਸਦਭਾਵਨਾ ਅਤੇ ਅਧਿਆਤਮਿਕ ਜਾਗਰੂਕਤਾ ਦਾ ਸੰਦੇਸ਼ ਫੈਲਾਉਣਾ ਹੈ। ਸ਼ਾਮ ਦੀ ਯਾਤਰਾ ਦੁਰਗਿਆਣਾ ਮੰਦਰ ਤੋਂ ਸ਼ੁਰੂ ਹੋਈ ਅਤੇ ਆਲੇ ਦੁਆਲੇ ਦੀਆਂ ਗਲੀਆਂ ਅਤੇ ਮੁਹੱਲਿਆਂ ਵਿੱਚੋਂ ਦੀ ਲੰਘਦੀ ਹੋਈ, ਲੋਕਾਂ ਨੂੰ ਪ੍ਰਭੂ ਦੇ ਨਾਮ ਦਾ ਸੰਦੇਸ਼ ਪਹੁੰਚਾਉਂਦੀ ਹੋਈ। ਭਗਤੀ ਵਿੱਚ ਡੁੱਬੇ ਸ਼ਰਧਾਲੂਆਂ ਨੇ ਪ੍ਰਭੂ ਦੀ ਮਹਿਮਾ ਦੇ ਗੁਣ ਗਾਏ ਅਤੇ ਭਜਨਾਂ ਰਾਹੀਂ ਇੱਕ ਅਧਿਆਤਮਿਕ ਮਾਹੌਲ ਬਣਾਇਆ। ਸ਼ਰਧਾਲੂਆਂ ਨੇ "ਰਾਮ ਜੀ ਕੀ ਨਿਕਲੀ ਸਵਾਰੀ, ਰਾਮ ਜੀ ਕੀ ਲੀਲਾ ਹੈ ਨਿਆਰੀ" ਅਤੇ ਹੋਰ ਸੁਰੀਲੇ ਭਜਨ ਗਾਏ, ਪ੍ਰਭੂ ਨੂੰ ਯਾਦ ਕਰਨ ਦਾ ਸੰਦੇਸ਼ ਫੈਲਾਇਆ। ਇਹ ਯਾਤਰਾ ਆਰਤੀ ਅਤੇ ਸਮੂਹਿਕ ਪ੍ਰਾਰਥਨਾ ਨਾਲ ਸਮਾਪਤ ਹੋਈ। ਸੰਸਥਾਨ ਨੇ ਸੰਗਤਾਂ ਨੂੰ ਆਉਣ ਵਾਲੀ ਸ਼੍ਰੀ ਰਾਮ ਕਥਾ ਬਾਰੇ ਜਾਣਕਾਰੀ ਦਿੱਤੀ ਅਤੇ ਸੰਧਿਆ ਫੇਰੀ ਵਿੱਚ ਹਿੱਸਾ ਲੈਣ ਵਾਲੇ ਸਾਰੇ ਸ਼ਰਧਾਲੂਆਂ ਦਾ ਦਿਲੋਂ ਧੰਨਵਾਦ ਕੀਤਾ। ਇਸ ਸੰਧਿਆ ਫੇਰੀ ਦੌਰਾਨ, ਸਵਾਮੀ ਰਣਜੀਤਾਨੰਦ, ਸਾਧਵੀ ਨੀਰਜਾ ਭਾਰਤੀ, ਸਾਧਵੀ ਕ੍ਰਿਸ਼ਨਪ੍ਰੀਤਾ ਭਾਰਤੀ, ਸਾਧਵੀ ਰਾਜਵਿੰਦਰ ਭਾਰਤੀ, ਸੁਰਿੰਦਰ ਬਬਲਾ ਜੀ, ਵਿਕਾਸ ਸੋਨੀ (ਕੌਂਸਲਰ ਅਤੇ ਸੀਨੀਅਰ ਕਾਂਗਰਸ ਨੇਤਾ), ਰੋਹਿਤ ਖੰਨਾ (ਸੰਯੁਕਤ ਖੇਤਰ ਦੁਰਗਿਆਣਾ ਮੰਦਰ ਪ੍ਰਬੰਧਕ ਕਮੇਟੀ), ਗੁਲਸ਼ਨ ਕੋਹਲੀ (ਚੇਅਰਮੈਨ ਲੰਗਰ ਪ੍ਰਬੰਧਕ ਦੁਰਗਿਆਣਾ ਮੰਦਰ), ਲਲਿਤ ਚੁਡੋਕ (ਸਹਿ-ਪ੍ਰਬੰਧਕ ਦੁਰਗਿਆਣਾ ਮੰਦਰ ਪ੍ਰਬੰਧਕ ਕਮੇਟੀ), ਡਾ. ਰਾਮ ਚਾਵਲਾ (ਭਾਜਪਾ ਨੇਤਾ), ਕੁਮਾਰ ਅਮਿਤ (ਭਾਜਪਾ ਨੇਤਾ), ਮਾਨਵ ਤਨੇਜਾ (ਭਾਜਪਾ ਨੇਤਾ) ਮੌਜੂਦ ਸਨ।

# ਨਰਿੰਦਰ ਮੋਦੀ ਦੇ ਇੰਸਟਾਗ੍ਰਾਮ 'ਤੇ 100 ਮਿਲੀਅਨ ਫਾਲੋਅਰਜ਼ ਹੋਏ ਸਭ ਤੋਂ ਵੱਧ ਫਾਲੋਅਰਜ਼ ਵਾਲੇ ਦੁਨੀਆਂ ਦੇ ਪਹਿਲੇ ਨੇਤਾ ਬਣੇ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੰਸਟਾਗ੍ਰਾਮ 'ਤੇ 100 ਮਿਲੀਅਨ ਫਾਲੋਅਰਜ਼ ਤੱਕ ਪਹੁੰਚ ਗਏ ਹਨ, ਜਿਸ ਨਾਲ ਉਹ ਪਲੇਟਫਾਰਮ 'ਤੇ ਇਹ ਮੀਲ ਪੱਥਰ ਪ੍ਰਾਪਤ ਕਰਨ ਵਾਲੇ ਪਹਿਲੇ ਵਿਸ਼ਵ ਨੇਤਾ ਅਤੇ ਸਿਆਸਤਦਾਨ ਬਣ ਗਏ ਹਨ। ਪ੍ਰਧਾਨ ਮੰਤਰੀ ਮੋਦੀ 2014 ਵਿੱਚ ਇੰਸਟਾਗ੍ਰਾਮ ਨਾਲ ਜੁੜੇ ਸਨ। ਉਨ੍ਹਾਂ ਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲੋਂ ਦੁੱਗਣੇ ਤੋਂ ਵੱਧ ਫਾਲੋਅਰਜ਼ ਹਨ। ਟਰੰਪ 43.2 ਮਿਲੀਅਨ ਫਾਲੋਅਰਜ਼ ਨਾਲ ਦੂਜੇ ਸਥਾਨ 'ਤੇ ਹਨ। ਦੁਨੀਆ ਦੇ ਪੰਜ ਚੋਟੀ ਦੇ ਨੇਤਾਵਾਂ ਦੇ ਫਾਲੋਅਰਜ਼ ਦੀ ਸੰਯੁਕਤ ਗਿਣਤੀ ਮੋਦੀ ਦੇ ਸਿੰਗਲ ਫਾਲੋਅਰਜ਼ ਗਿਣਤੀ ਤੋਂ ਘੱਟ ਹੈ। ਟਰੰਪ ਤੋਂ ਬਾਅਦ, ਇੰਡੋਨੇਸ਼ੀਆਈ ਰਾਸ਼ਟਰਪਤੀ ਪ੍ਰਬੋਵੋ ਸੁਬਿਅੰਤੋ 15 ਮਿਲੀਅਨ ਫਾਲੋਅਰਜ਼ ਨਾਲ ਤੀਜੇ ਸਥਾਨ 'ਤੇ ਹਨ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਲੂਲਾ 14.4 ਮਿਲੀਅਨ ਫਾਲੋਅਰਜ਼ ਨਾਲ ਚੌਥੇ ਸਥਾਨ 'ਤੇ ਹਨ। ਤੁਰਕੀ ਦੇ ਰਾਸ਼ਟਰਪਤੀ ਏਰਦੋਗਨ ਦੇ 11.6 ਮਿਲੀਅਨ ਫਾਲੋਅਰਜ਼ ਹਨ।

# ਮੁੱਖ ਮੰਤਰੀ ਭਗਵੰਤ ਮਾਨ ਪਹੁੰਚੇ ਬੈਂਗਲੁਰੂ

ਬੈਂਗਲੁਰੂ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਬੈਂਗਲੁਰੂ ਪਹੁੰਚ ਚੁੱਕੇ ਹਨ, ਜਿੱਥੇ ਉਹ ਬੈਂਗਲੁਰੂ ਵਿਖੇ ਨੇਚਰ ਕੇਅਰ ਸੈਂਟਰ 'ਚ ਰਹਿਣਗੇ। ਉਨ੍ਹਾਂ ਦਾ ਇਹ ਪ੍ਰੋਗਰਾਮ ਕਰੀਬ 7 ਦਿਨ ਦਾ ਹੋਵੇਗਾ। ਮੀਡੀਆ ਦੀਆਂ ਖ਼ਬਰਾਂ ਦੇ ਅਨੁਸਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਿਹਤ ਜਾਂਚ ਅਤੇ ਆਰਾਮ ਲਈ ਬੈਂਗਲੁਰੂ ਦੇ ਇੱਕ ਨੇਚਰ ਕੇਅਰ ਸੈਂਟਰ ਵਿੱਚ ਪਹੁੰਚੇ ਹਨ। ਉਨ੍ਹਾਂ ਦੇ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਰੁਟੀਨ ਚੈਕਅੱਪ ਤੋਂ ਬਾਅਦ, ਡਾਕਟਰਾਂ ਦੀ ਸਲਾਹ 'ਤੇ ਉਹ 7 ਦਿਨਾਂ ਲਈ ਕੁਦਰਤੀ ਚਿਕਿਤਸਾ ਰਾਹੀਂ ਆਪਣੀ ਸਿਹਤ ਵਿੱਚ ਸੁਧਾਰ ਕਰਨਗੇ। ਇਸ ਦੌਰਾਨ ਉਹ ਕਰੀਬ ਲਗਾਤਾਰ 7 ਦਿਨ ਕੁਦਰਤੀ ਉਪਚਾਰਾਂ ਵਾਲੇ ਇੱਕ ਨੇਚਰ ਕੇਅਰ ਸੈਂਟਰ 'ਚ ਰਹਿਣਗੇ ਅਤੇ 7 ਦਿਨਾਂ ਬਾਅਦ ਉਹ ਆਪਣੇ ਕੰਮ 'ਤੇ ਵਾਪਸੀ ਕਰਨਗੇ।


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

## ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਅਸੀਂ ਈਰਾਨ ਦੇ ਪ੍ਰਮਾਣੂ ਹਥਿਆਰ ਪ੍ਰੋਗਰਾਮ ਨੂੰ ਖਤਮ ਕੀਤਾ ਇਜ਼ਰਾਈਲ-ਹਮਾਸ ਜੰਗਬੰਦੀ ਦੀ ਵਿਚੋਲਗੀ ਸਮੇਤ 8 ਜੰਗਾਂ ਰੋਕੀਆਂ- ਟਰੰਪ

ਜਲੰਧਰ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕੀ ਕਾਂਗਰਸ ਦੇ ਸਾਹਮਣੇ ਆਪਣੇ ਦੂਜੇ ਕਾਰਜਕਾਲ ਦਾ ਦੂਜਾ "ਸਟੇਟ ਆਫ਼ ਦ ਯੂਨੀਅਨ" ਭਾਸ਼ਣ ਦਿੱਤਾ। ਆਪਣੇ ਭਾਸ਼ਣ ਦੀ ਸ਼ੁਰੂਆਤ ਵਿੱਚ, ਉਨ੍ਹਾਂ ਐਲਾਨ ਕੀਤਾ ਕਿ ਅਮਰੀਕਾ ਦਾ ਸੁਨਹਿਰੀ ਯੁੱਗ ਆ ਗਿਆ ਹੈ।

ਅਮਰੀਕਾ ਆਪਣੇ ਇਤਿਹਾਸ ਵਿੱਚ ਕਦੇ ਵੀ ਇੰਨਾ ਮਜ਼ਬੂਤ ਨਹੀਂ ਸੀ। ਅੱਜ, ਅਮਰੀਕਾ ਹਰ ਮੋਰਚੇ 'ਤੇ ਇੰਨੀਆਂ ਜਿੱਤਾਂ ਪ੍ਰਾਪਤ ਕਰ ਰਿਹਾ ਹੈ ਕਿ ਅਸੀਂ ਜਿੱਤਦੇ-ਜਿੱਤਦੇ ਥੱਕ ਗਏ ਹਾਂ।

ਭਾਸ਼ਣ ਦੌਰਾਨ, ਉਨ੍ਹਾਂ ਕਿਹਾ ਕਿ ਅਮਰੀਕਾ ਨੇ ਪਿਛਲੇ ਸਾਲ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕਰਕੇ ਉਸ ਦੇ ਪ੍ਰਮਾਣੂ ਹਥਿਆਰ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਟਰੰਪ ਨੇ ਕਿਹਾ ਕਿ ਉਹ ਸ਼ੁਰੂ ਵਿੱਚ ਕੂਟਨੀਤੀ ਰਾਹੀਂ ਇਸ ਮੁੱਦੇ ਨੂੰ ਹੱਲ ਕਰਨਾ ਚਾਹੁੰਦਾ ਸੀ, ਪਰ ਈਰਾਨ ਨੇ ਹਥਿਆਰ ਨਾ ਬਣਾਉਣ ਦਾ ਵਾਅਦਾ ਕਰਨ ਤੋਂ ਇਨਕਾਰ ਕਰ ਦਿੱਤਾ। ਟਰੰਪ ਨੇ ਈਰਾਨ ਬਾਰੇ ਕਿਹਾ ਹੈ ਕਿ ਇਸ ਇਸਲਾਮੀ ਗਣਰਾਜ ਨੂੰ ਪ੍ਰਮਾਣੂ ਹਥਿਆਰ ਰੱਖਣ ਦੀ "ਕਦੇ ਵੀ ਇਜਾਜ਼ਤ" ਨਹੀਂ ਦੇਣਗੇ। ਟਰੰਪ ਨੇ ਗਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗਬੰਦੀ ਦਾ ਵੀ ਜ਼ਿਕਰ ਕੀਤਾ, ਇਸਨੂੰ ਇੱਕ ਸਫਲ ਸੌਦਾ ਕਿਹਾ।

ਵੈਨੇਜ਼ੁਏਲਾ ਬਾਰੇ, ਟਰੰਪ ਨੇ ਕਿਹਾ ਕਿ ਇਹ ਹੁਣ ਅਮਰੀਕਾ ਦਾ ਨਵਾਂ ਦੋਸਤ ਅਤੇ ਸਾਥੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੇ ਵੈਨੇਜ਼ੁਏਲਾ ਤੋਂ 80 ਮਿਲੀਅਨ ਬੈਰਲ ਤੇਲ ਆਯਾਤ ਕੀਤਾ ਹੈ, ਜੋ ਕਿ ਵਧਦੇ ਸਬੰਧਾਂ ਦੀ ਨਿਸ਼ਾਨੀ ਹੈ। ਆਪਣੇ ਸਟੇਟ ਆਫ਼ ਦ ਯੂਨੀਅਨ ਭਾਸ਼ਣ ਵਿੱਚ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਆਪਣੇ ਕਾਰਜਕਾਲ ਦੇ ਪਹਿਲੇ 10 ਮਹੀਨਿਆਂ ਵਿੱਚ, ਉਨ੍ਹਾਂ ਨੇ ਅੱਠ ਯੁੱਧਾਂ ਨੂੰ ਰੋਕਿਆ। ਟਰੰਪ ਨੇ ਅੱਗੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੇ ਦਖਲ ਨਾ ਦਿੱਤਾ ਹੁੰਦਾ, ਤਾਂ 3.5 ਕਰੋੜ ਲੋਕ ਮਾਰੇ ਜਾਂਦੇ।



ਅਮਰੀਕਾ ਵਿੱਚ, ਰਾਸ਼ਟਰਪਤੀ ਹਰ ਸਾਲ ਜਨਵਰੀ ਜਾਂ ਫਰਵਰੀ ਵਿੱਚ ਕਾਂਗਰਸ ਨੂੰ ਸੰਬੋਧਨ ਕਰਦੇ ਹਨ, ਜਿਸਨੂੰ "ਸਟੇਟ ਆਫ਼ ਦ ਯੂਨੀਅਨ" ਕਿਹਾ ਜਾਂਦਾ ਹੈ। ਸਟੇਟ ਆਫ਼ ਦ ਯੂਨੀਅਨ ਦੇ ਦਿਨ, ਪ੍ਰਤੀਨਿਧੀ ਸਭਾ ਅਤੇ ਸੈਨੇਟ ਦੇ ਮੈਂਬਰ ਹਾਊਸ ਚੈਂਬਰ ਵਿੱਚ ਇਕੱਠੇ ਹੁੰਦੇ ਹਨ। ਸਦਨ ਦੇ ਸਪੀਕਰ ਅਤੇ ਉਪ-ਰਾਸ਼ਟਰਪਤੀ, ਜੋ ਸੈਨੇਟ ਦੇ ਪ੍ਰਧਾਨ ਵੀ ਹਨ, ਰਾਸ਼ਟਰਪਤੀ ਦੇ ਪਿੱਛੇ ਇੱਕ ਉੱਚੇ ਮੰਚ 'ਤੇ ਬੈਠਦੇ ਹਨ। ਜਦੋਂ ਰਾਸ਼ਟਰਪਤੀ ਕੈਪੀਟਲ ਪਹੁੰਚਦੇ ਹਨ, ਤਾਂ ਸਦਨ ਦੇ ਸਾਰਜੈਂਟ-ਐਟ-ਆਰਮਜ਼ ਉਨ੍ਹਾਂ ਦੇ ਆਉਣ ਦਾ ਐਲਾਨ ਕਰਦੇ ਹਨ। ਫਿਰ ਸਪੀਕਰ ਰਾਸ਼ਟਰਪਤੀ ਦੀ ਜਾਣ-ਪਛਾਣ ਕਰਵਾਉਂਦੇ ਹਨ, ਅਤੇ ਰਾਸ਼ਟਰਪਤੀ ਕਾਂਗਰਸ ਨੂੰ ਆਪਣਾ ਭਾਸ਼ਣ ਦਿੰਦੇ ਹਨ।

# ਸਰਬਜੀਤ ਕੌਰ ਤੋਂ ਨੂਰ ਹੁਸੈਨ ਬਣੀ ਪੰਜਾਬੀ ਔਰਤ ਦੇ ਮਾਮਲੇ 'ਚ ਨਵੀਂ ਅੱਪਡੇਟ, ਪੰਜਾਬੀ ਪਤੀ ਪਹੁੰਚਿਆ ਲਾਹੌਰ ਹਾਈ ਕੋਰਟ

ਲਾਹੌਰ
ਸਾਂਝੀ ਸੋਚ ਬਿਊਰੋ

ਭਾਰਤ ਤੋਂ ਸਿੱਖ ਜਥੇ ਨਾਲ ਪਾਕਿਸਤਾਨ ਜਾ ਕੇ ਵਿਆਹ ਕਰਵਾਉਣ ਵਾਲੀ ਪੰਜਾਬੀ ਔਰਤ ਸਰਬਜੀਤ ਕੌਰ ਦੇ ਮਾਮਲੇ 'ਚ ਇੱਕ ਨਵੀਂ ਅੱਪਡੇਟ ਸਾਹਮਣੇ ਆਈ ਹੈ। ਸਰਬਜੀਤ ਕੌਰ ਦੇ ਪੰਜਾਬ ਤੋਂ ਪਤੀ ਕਰਨੈਲ ਸਿੰਘ ਨੇ ਲਾਹੌਰ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਸਰਬਜੀਤ ਨੂੰ ਪਾਕਿਸਤਾਨ ਤੋਂ ਦੇਸ਼ ਨਿਕਾਲਾ ਦੇ ਕੇ ਭਾਰਤ ਭੇਜਣ ਦੀ ਮੰਗ ਕੀਤੀ ਹੈ। ਕਰਨੈਲ ਦਾ ਦਾਅਵਾ ਹੈ ਕਿ ਸਰਬਜੀਤ ਨੇ ਉਸਨੂੰ ਤਲਾਕ ਨਹੀਂ ਦਿੱਤਾ, ਸਗੋਂ ਪਾਕਿਸਤਾਨ ਜਾ ਕੇ ਇੱਕ ਹੋਰ ਵਿਆਹ ਕਰਵਾ ਲਿਆ ਹੈ। ਉਸ ਨੇ ਦਾਅਵਾ ਕੀਤਾ। ਉਸਨੂੰ ਅਸ਼ਲੀਲ ਫੋਟੋਆਂ ਅਤੇ ਵੀਡੀਓਜ਼ ਨਾਲ ਬਲੈਕਮੇਲ ਕੀਤਾ ਗਿਆ ਸੀ, ਅਤੇ ਬਲੈਕਮੇਲ ਕਰਕੇ ਉਸ ਤੋਂ ਦੁਬਈ ਪੈਸੇ ਵੀ ਮੰਗਵਾਏ ਗਏ ਸੀ।

ਇਸ ਤੋਂ ਇਲਾਵਾ, ਪਤੀ ਨੇ ਦੋਸ਼ ਲਗਾਇਆ ਕਿ ਸਰਬਜੀਤ ਨੇ ਨਾ ਸਿਰਫ਼ ਤੀਰਥ ਯਾਤਰਾ ਵੀਜ਼ਾ ਜ਼ਰੂਰਤਾਂ ਦੀ ਉਲੰਘਣਾ ਕੀਤੀ ਹੈ, ਸਗੋਂ ਵਿਦੇਸ਼ੀ ਐਕਟ ਅਤੇ ਇਸਲਾਮੀ ਕਾਨੂੰਨ ਦੀ ਵੀ ਉਲੰਘਣਾ ਕੀਤੀ ਹੈ। ਉਸਨੇ ਕਿਹਾ ਕਿ ਨਾਸਿਰ ਹੁਸੈਨ ਦਾ ਤਲਾਕ ਤੋਂ ਬਿਨਾਂ ਸਰਬਜੀਤ ਨਾਲ ਸਰੀਰਕ ਸਬੰਧ ਗੈਰ-ਕਾਨੂੰਨੀ ਹੈ ਅਤੇ ਉਸ 'ਤੇ ਬਲਾਤਕਾਰ ਦਾ ਦੋਸ਼ ਲਗਾਇਆ ਜਾਣਾ ਚਾਹੀਦਾ ਹੈ। ਪਤੀ ਨੇ ਉਸਦੇ ਇਸਲਾਮ ਧਰਮ ਪਰਿਵਰਤਨ ਨੂੰ ਜ਼ਬਰਦਸਤੀ ਧਰਮ ਪਰਿਵਰਤਨ ਦੱਸਿਆ ਕਿਉਂਕਿ ਸ਼ਰੀਆ ਕਾਨੂੰਨ ਅਧੀਨ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ। ਕਪੂਰਥਲਾ ਦੇ ਪਿੰਡ ਅਮਾਨੀਪੁਰ ਦੀ ਰਹਿਣ ਵਾਲੀ ਸਰਬਜੀਤ ਕੌਰ, 4 ਨਵੰਬਰ, 2025 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 1,932 ਸ਼ਰਧਾਲੂਆਂ ਦੇ ਜਥੇ ਨਾਲ ਅਟਾਰੀ ਸਰਹੱਦ ਰਾਹੀਂ ਅੰਮ੍ਰਿਤਸਰ ਤੋਂ ਪਾਕਿਸਤਾਨ ਗਈ ਸੀ।



ਹਾਲਾਂਕਿ, ਜਦੋਂ ਸ਼ਰਧਾਲੂਆਂ ਦਾ ਪੂਰਾ ਜਥਾ ਵਾਪਸ ਆਇਆ, ਤਾਂ 1,923 ਦੀ ਬਜਾਏ ਸਿਰਫ 1,922 ਲੋਕ ਵਾਪਸ ਆਏ। ਜਾਂਚ ਕਰਨ 'ਤੇ ਪਤਾ ਲੱਗਾ ਕਿ ਸਰਬਜੀਤ ਕੌਰ ਵਾਪਸ ਨਹੀਂ ਆਈ ਸੀ। ਪਹਿਲਾਂ ਮੰਨਿਆ ਗਿਆ ਕਿ ਉਹ ਲਾਪਤਾ ਹੋ ਗਈ ਹੈ ਪਰ ਅਚਾਨਕ ਹੀ ਉਰਦੂ ਵਿੱਚ ਲਿਖਿਆ ਸਰਬਜੀਤ ਦਾ ਨਿਕਾਹਨਾਮਾ ਵਾਇਰਲ ਹੋ ਗਿਆ। ਇਸ ਵਿੱਚ ਕਿਹਾ ਗਿਆ ਸੀ ਕਿ ਸਰਬਜੀਤ ਨੇ ਪਾਕਿਸਤਾਨ ਵਿੱਚ ਇਸਲਾਮ ਧਰਮ ਬਦਲ ਲਿਆ ਸੀ ਅਤੇ ਸ਼ੇਖੂਪੁਰਾ ਦੇ ਨੂਰ ਹੁਸੈਨ ਨਾਮ ਦੇ ਇੱਕ ਮੁਸਲਿਮ ਵਿਅਕਤੀ ਨਾਲ ਵਿਆਹ ਕਰਵਾ ਲਿਆ ਹੈ। ਸਰਬਜੀਤ ਨੇ ਦਾਅਵਾ ਕੀਤਾ ਕਿ ਉਹ ਅੱਠ ਸਾਲਾਂ ਤੋਂ ਪ੍ਰੇਮ ਸੰਬੰਧ ਵਿੱਚ ਸਨ ਅਤੇ ਔਨਲਾਈਨ ਜੁੜੇ ਹੋਏ ਸਨ। ਉਹ ਆਪਣੀ ਮਰਜ਼ੀ ਨਾਲ ਪਾਕਿਸਤਾਨ ਆਈ ਸੀ ਅਤੇ ਨਾਸਿਰ ਨਾਲ ਵਿਆਹ ਕਰਕੇ ਖੁਸ਼ ਹੈ।

# ਐਨਡੀਪੀਐਸ ਦੀ ਵਿਸ਼ੇਸ਼ ਅਦਾਲਤ ਨੇ ਅੰਤਰਰਾਜੀ ਨਸ਼ਾ ਤਸਕਰ ਨੂੰ ਸੁਣਾਈ 10 ਸਾਲ ਦੀ ਕੈਦ, 1 ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਨਾਰਕੋਟਿਕਸ ਕੰਟਰੋਲ ਬਿਊਰੋ (ਐਨਸੀਬੀ) ਦੀ ਚੰਡੀਗੜ੍ਹ ਜ਼ੋਨਲ ਯੂਨਿਟ ਨੇ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਲੜਾਈ ਵਿੱਚ ਇੱਕ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ ਹੈ। 23 ਫਰਵਰੀ, 2026 ਨੂੰ, ਲੁਧਿਆਣਾ ਦੀ ਵਿਸ਼ੇਸ਼ ਐਨਡੀਪੀਐਸ ਅਦਾਲਤ ਨੇ ਇੱਕ ਅੰਤਰਰਾਜੀ ਡਰੱਗ ਨੈੱਟਵਰਕ ਵਿੱਚ ਸਰਗਰਮ ਭਾਗੀਦਾਰ ਅਜੀਤ ਸਿੰਘ ਨੂੰ ਦੋਸ਼ੀ ਠਹਿਰਾਇਆ ਅਤੇ ਉਸਨੂੰ 10 ਸਾਲ ਦੀ ਸਖ਼ਤ ਕੈਦ (ਆਰਆਈ) ਅਤੇ 1 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ 20 ਫਰਵਰੀ, 2018 ਦਾ ਹੈ।

ਐਨਸੀਬੀ ਨੂੰ ਇੱਕ ਗੁਪਤ ਸਰੋਤ ਤੋਂ ਜਾਣਕਾਰੀ ਮਿਲੀ ਕਿ ਚਰਸ ਦੀ ਇੱਕ ਵੱਡੀ ਖੇਪ ਲੁਧਿਆਣਾ ਪਹੁੰਚਾਈ ਜਾ ਰਹੀ ਹੈ। ਜਾਣਕਾਰੀ ਮਿਲਣ 'ਤੇ, ਐਨਸੀਬੀ ਟੀਮ ਨੇ ਤੇਜ਼ੀ ਨਾਲ ਕਾਰਵਾਈ ਕੀਤੀ, ਇੱਕ ਜਾਲ ਵਿਛਾਇਆ ਅਤੇ ਜੰਮੂ-ਕਸ਼ਮੀਰ ਦੇ ਕਠੂਆ ਦੇ ਰਹਿਣ ਵਾਲੇ ਅਜੀਤ ਸਿੰਘ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਉਸ ਦੇ ਕਬਜ਼ੇ 'ਚੋਂ 2.840 ਕਿਲੋਗ੍ਰਾਮ ਹਸ਼ੀਸ਼ ਬਰਾਮਦ ਕੀਤੀ ਗਈ। ਅਜੀਤ ਸਿੰਘ ਤੋਂ ਸਖ਼ਤ ਪੁੱਛਗਿੱਛ ਤੋਂ ਬਾਅਦ, ਸੁਰਾਗ ਮਿਲੇ ਕਿ ਸ਼ਹਿਰ ਵਿੱਚ ਇੱਕ ਹੋਰ ਸਾਥੀ ਮੌਜੂਦ ਹੈ। ਟੀਮ ਨੇ ਤੁਰੰਤ ਲੁਧਿਆਣਾ ਦੇ ਲੱਕੀ ਹੋਟਲ 'ਤੇ ਛਾਪਾ ਮਾਰਿਆ ਅਤੇ ਸ਼ਿਆਮ ਲਾਲ (ਕਠੂਆ ਨਿਵਾਸੀ) ਨੂੰ ਗ੍ਰਿਫਤਾਰ ਕੀਤਾ। ਉਸ ਤੋਂ 1.175 ਕਿਲੋਗ੍ਰਾਮ ਚਰਸ ਬਰਾਮਦ ਕੀਤੀ ਗਈ। ਇਸ ਤਰ੍ਹਾਂ, ਇੱਕ ਹੀ ਦਿਨ ਵਿੱਚ, ਐਨਸੀਬੀ ਨੇ 4 ਕਿਲੋਗ੍ਰਾਮ ਤੋਂ ਵੱਧ ਚਰਸ ਜ਼ਬਤ ਕੀਤੀ। ਐਨਸੀਬੀ ਨੇ ਅਗਸਤ 2018 ਵਿੱਚ ਦੋਵਾਂ ਮੁਲਜ਼ਮਾਂ ਵਿਰੁੱਧ ਅਦਾਲਤ ਵਿੱਚ ਚਾਰਜਸ਼ੀਟ ਦਾਇਰ ਕੀਤੀ। ਫਿਰ ਕੇਸ ਆਪਣੀ ਰਫ਼ਤਾਰ ਨਾਲ ਅੱਗੇ ਵਧਿਆ, ਪਰ ਇੱਕ ਵੱਡਾ ਮੋੜ ਆਇਆ। ਦੋਸ਼ੀ ਸ਼ਿਆਮ ਲਾਲ ਦੀ 20 ਨਵੰਬਰ, 2025 ਨੂੰ ਮੌਤ ਹੋ ਗਈ, ਜਿਸ ਕਾਰਨ ਅਦਾਲਤ ਨੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਖਤਮ ਕਰ ਦਿੱਤੀ। ਹਾਲਾਂਕਿ, ਅਜੀਤ ਸਿੰਘ ਵਿਰੁੱਧ ਕੇਸ ਜਾਰੀ ਰਿਹਾ, ਅਤੇ ਐਨਸੀਬੀ ਦੀ ਪੂਰੀ ਜਾਂਚ ਅਤੇ ਠੋਸ ਸਬੂਤਾਂ ਦੇ ਆਧਾਰ 'ਤੇ, 23 ਫਰਵਰੀ, 2026 ਨੂੰ, ਮਾਨਯੋਗ ਐਨਡੀਪੀਐਸ ਅਦਾਲਤ ਨੇ ਉਸਨੂੰ ਦੋਸ਼ੀ ਪਾਇਆ ਅਤੇ ਉਸਨੂੰ 10 ਸਾਲ ਦੀ ਸਖ਼ਤ ਕੈਦ ਅਤੇ 1 ਲੱਖ ਦੇ ਜੁਰਮਾਨੇ ਦੀ ਸਜ਼ਾ ਸੁਣਾਈ।



Space available for Ad
Contact # +1 (209) 303-1260


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682


Arrested ?
DUI ?
Drug Charges ?
Gun Violation ?
Ghuman Law Group
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 147**

ਸਲੋਕੁ ਮ: ੧ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥ {ਪੰਨਾ 147}

ਭਾਵ ਅਰਥ:-

ਮਾਲਕਾ ਜੇ ਮੈਂ ਬਰਫ ਵਿੱਚ ਘਰ ਬਣਾ ਕੇ ਉਹਦੇ ਵਿੱਚ ਰਹਿਣ ਦੀ ਸ਼ਕਤੀ ਬਣਾ ਲਵਾਂ ਜਾਂ ਲੋਹੇ ਨੂੰ ਆਪਣਾ ਆਹਾਰ ਬਣਾ ਕੇ ਹਜਮ ਕਰਨ ਦੀ ਸ਼ਕਤੀ ਹਾਸਲ ਕਰ ਲਵਾਂ, ਸਾਰੇ ਦੁੱਖਾਂ ਨੂੰ ਪਾਣੀ ਦੀ ਤਰਾਂ ਪੀਣ ਦੀ ਸ਼ਕਤੀ ਮੇਰੇ ਅੰਦਰ ਆ ਜਾਵੇ ,ਧਰਤੀ ਦੇ ਸਾਰੇ ਜੀਵਾਂ ਨੂੰ ਮੈਂ ਨੱਥ ਪਾ ਕੇ ਭਾਵ ਆਪਣੇ ਜੋਰ ਨਾਲ ਚਲਾ ਸਕਾਂ, ਮੇਰੇ ਵਿੱਚ ਇੰਨੀ ਸ਼ਕਤੀ ਆ ਜਾਵੇ ਕਿ ਮੈਂ ਸੰਪੂਰਨ ਅਸਮਾਨ ਨੂੰ ਤੱਕੜੀ ਦੇ ਇੱਕ ਪਾਸੇ ਅਤੇ ਚਾਰ ਛੋਟੇ ਟੰਕ ਦੂਜੇ ਪਾਸੇ ਚੜਾ ਕੇ ਤੋਲ ਸਕਾਂ। ਮੇਰੇ ਵਿੱਚ ਇੰਨਾ ਜੋਰ ਆ ਜਾਵੇ ਕਿ ਮੈਂ ਜੋ ਮਨ ਚ ਸੋਚਾਂ ਉਹ ਆਪਣੇ ਆਪ ਹੋ ਜਾਵੇ, ਫੇਰ ਵੀ ਮੈਂ ਉਸਦੀ ਰਜਾ ਤੋਂ ਬਾਹਰ ਨਹੀਂ ਜਾ ਸਕਦਾ। ਹੇ ਨਾਨਕ ! ਜੇ ਤੇਰਾ ਹੁਕਮ ਹੋਏਗਾ ਤਾਂ ਤੂੰ ਆਪ ਉਸ ਨੂੰ ਹੀ ਉਦੋਂ ਵਡਿਆਈ ਦਏਂਗਾ ਜਦੋਂ ਉਹ ਸੱਚੇ ਨਾਮ ਨਾਲ ਜੁੜੇਗਾ (ਬਾਕੀ ਸਾਰੀਆਂ ਚੀਜ਼ਾਂ ਬੇਕਾਰ ਹਨ)।

ਮ ੨ ॥

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥ ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨॥ {ਪੰਨਾ 147}

ਪਉੜੀ ॥ ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ ॥ ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥ ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥ ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥ ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥ ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥ {ਪੰਨਾ 147}

ਭਾਵ ਅਰਥ:-

ਹੇ ਅਕਾਲ ਪੁਰਖ! ਤੇਰਾ ਨਾਮ ਕਹਿ ਕਹਿ ਕੇ, ਜਪ ਜਪ ਕੇ, ਸਿਮਰਨ ਕਰ ਕਰ ਕੇ, ਅਤੇ ਸੁਣ ਸੁਣ ਕੇ ਮੇਰੇ ਕੰਨ ਰੱਜਦੇ ਨਹੀਂ ਹਨ। ਹੇ ਦਾਤਾ! ਤੇਰੇ ਦਰਸ਼ਨ ਦੀਦਾਰੇ ਕਰ ਕਰ ਕੇ ਮੇਰੀਆਂ ਅੱਖਾਂ ਨਹੀਂ ਰੱਜਦੀਆਂ, ਮੈਂ ਤਾਂ ਤੇਰੇ ਗੁਣਾਂ ਦਾ ਗਾਹਕ ਹਾਂ। ਸਿਰਫ ਉਤਲੀਆਂ ਪੁਤਲੀਆਂ ਗੱਲਾਂ ਮਾਰਨ ਨਾਲ ਰੱਜ ਨਹੀਂ ਹੁੰਦਾ( ਮੈਨੂੰ ਤਾਂ ਤੇਰਾ ਨਾਮ ਚਾਹੀਦਾ ਰੱਜਣ ਵਾਸਤੇ)। ਹੇ ਨਾਨਕ! ਭੁੱਖਾ ਬੰਦਾ ਸਿਰਫ ਤੇ ਸਿਰਫ ਤੇਰਾ ਨਾਮ ਲੈਣ ਵਾਲਾ, ਗੁਣ ਗਾਉਣ ਵਾਲਾ ਅਤੇ ਨਾਮ ਦੇ ਵਿੱਚ ਸਮਾਉਣ ਵਾਲਾ ਹੀ ਰੱਜ ਸਕਦਾ ਹੈ।

ਸਲੋਕ ਮ ੧ ॥

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥ ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥ {ਪੰਨਾ 147}

ਭਾਵ ਅਰਥ:-

ਉਸ ਹਰੀ ਪ੍ਰਭੂ ਪਰਮਾਤਮਾ ਦੇ ਨਾਮ ਤੋਂ ਬਿਨਾਂ ਸਭ ਝੂਠ ਹੈ , ਸਾਰੀਆਂ ਕਮਾਈਆਂ ਝੂਠੀਆਂ ਹਨ। ਅਸੀਂ ਉਹਦੇ ਸਿਮਰਨ ਤੋਂ ਬਗੈਰ ਸਿਰਫ ਕੂੜ ਝੂਠ ਆਪਣੇ ਨਾਲ ਬੰਨ ਕੇ ਜੀਵਨ ਤੋਂ ਲੈ ਕੇ ਜਾਂਦੇ ਹਾਂ। ਉਸ ਸਦਾ ਥਿਰ ਪ੍ਰਭੂ ਦੀ ਭਜਨ ਬੰਦਗੀ ਤੋਂ ਬਿਨਾਂ ਸਰੀਰ ਛਾਰ ਛਾਰ ਹੋ ਜਾਂਦਾ ਹੈ। ਉਸ ਪ੍ਰਭੂ ਦੇ ਨਾਮ ਬਿਨਾਂ ਕਿਸੇ ਵੀ ਤਰ੍ਹਾਂ ਦੇ ਖਾਣ ਪੀਣ ਅਤੇ ਪਹਿਨਣ ਨਾਲ ਮਨ ਨੂੰ ਤਸੱਲੀ ਨਹੀਂ ਮਿਲ ਸਕਦੀ। ਜਦੋਂ ਤੱਕ ਉਸ ਪ੍ਰਭੂ ਪਰਮਾਤਮਾ ਦੇ ਚਰਨ ਕਮਲਾਂ ਤੱਕ ਅਸੀਂ ਨਹੀਂ ਪਹੁੰਚਦੇ, ਉਸਦੇ ਦਰਬਾਰ ਤੱਕ ਨਹੀਂ ਅੱਪੜਦੇ ,ਸਮਝੋ ਅਸੀਂ ਕੋੜ੍ਹ ਵਿੱਚ ਹੀ ਰੁਲੇ ਹੋਏ ਹਾਂ। ਝੂਠ ਅਤੇ ਕੂੜ ਦੇ ਵਿੱਚ ਰਲ ਕੇ ਅਸੀਂ ਉਸ ਪ੍ਰਭੂ ਪਰਮਾਤਮਾ ਦੇ ਮਹਿਲ ਤੋਂ ਖੋਏ ਰਹਿ ਜਾਂਦੇ ਹਾਂ। ਸੱਚਾਈ ਇਹ ਹੈ ਕਿ ਸਰੀਰ ਵਿੱਚਲੀ ਭੁੱਖ ਤੇ ਕਾਮਨਾ ਦੀ ਅੱਗ ਕੇਵਲ ਤੇ ਕੇਵਲ ਨਾਮ ਦੀ ਲਗਨ ਤੇ ਨਾਮ ਦੇ ਰੰਗ ਵਿੱਚ ਰੰਗਣ ਨਾਲ ਹੀ ਬੁਝਾਈ ਜਾ ਸਕਦੀ ਹੈ।

ਮ ੧ ॥

ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥ ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥ ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥ ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥ {ਪੰਨਾ 147}

ਭਾਵ ਅਰਥ:-

ਹੇ ਨਾਨਕ! ਗੁਰੂ ਇੱਕ ਅਜਿਹਾ ਰੁਖ ਹੈ ਜਿਸ ਦਾ ਸੰਤੋਖ ,ਧਰਮ ਫੁੱਲ ਤੇ ਫਲ ਅਤੇ ਗਿਆਨ ਹੈ। ਉਸ ਦੇ ਕਰਮ ,ਪ੍ਰਭੂ ਨਾਮ ਵਿੱਚਲਾ ਧਿਆਨ ਹੈ। ਉਸ ਦਾ ਰਸ ਉਸ ਦੇ ਹਰੇ ਭਰੇ ਪਤੇ ਤੇ ਸਦਾ ਲਈ ਪੱਕੇ ਫਲ ਹਨ। ਪ੍ਰਭੂ ਕਿਰਪਾ ਨਾਲ ਜੋ ਮਨੁੱਖ ਉਸ ਦਾਤੇ ਦੇ ਚਰਨ ਕਮਲਾਂ ਵਿੱਚ ਆਪਣੀ ਸੁਰਤ ਜੋੜਦਾ ਹੈ ਉਸਨੂੰ ਪੂਰਨ ਗਿਆਨ ਮਿਲਦਾ ਹੈ । ਇਸ ਗਿਆਨ ਫਲ ਨੂੰ ਖਾਣ ਵਾਲੇ ਮਨੁੱਖ ਲਈ ,ਪ੍ਰਭੂ ਦੇ ਦਰ ਤੋਂ ਮਿਲੀ ਹੋਈ ਇਹ ਸਭ ਤੋਂ ਵੱਡੀ ਬਖਸ਼ਿਸ਼ ਹੈ।

ਪਉੜੀ ॥ ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥ ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥ ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥ ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ ॥ ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ ॥ ਆਪੇ ਦੇਇ ਪਿਆਰੁ ਮੰਨਿ ਵਸਾਈਐ ॥ ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ ॥ ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥੨੦॥ {ਪੰਨਾ 147}

ਭਾਵ ਅਰਥ:-

ਹੇ ਬੰਦਿਆ ! ਜਿਉਂਦਿਆਂ ਜੀ ਆਪਣੀਆਂ ਵਾਧੂ ਦੀਆਂ ਕਾਮਨਾਵਾਂ ਨੂੰ ਮਾਰ ਲਾ ਤਾਂ ਕਿ ਬਾਅਦ ਵਿੱਚ ਪਛਤਾਵਾ ਨਾ ਕਰਨਾ ਪਵੇ। ਕਿਹਨੂੰ ਕਿਹਨੂੰ ਦੱਸੀਏ ਕਿ ਇਹ ਦੁਨੀਆ ,ਇਹ ਸੰਸਾਰ, ਇਹ ਜੀਵਨ ਝੂਠਾ ਹੈ ਬਿਲਕੁਲ ਪਾਣੀ ਦੇ ਬੁਲਬੁਲੇ ਵਰਗਾ। ਆਪਣੇ ਕੰਮਾਂ ਕਾਰਾਂ ਵਿੱਚ ਰੁਝਿਆ ਹੋਇਆ ਬੰਦਾ ਉਸ ਸਦਾ ਚਿਰ ਪ੍ਰਭੂ ਪਰਮਾਤਮਾ ਨੂੰ ਭੁੱਲਿਆ ਬੈਠਾ ਹੈ। ਇਸ ਨੂੰ ਇਹ ਵੀ ਨਹੀਂ ਪਤਾ ਕਿ ਹਰੀ ਪ੍ਰਭੂ ਦੇ ਹੁਕਮ ਵਿੱਚ ਕਾਲ ਗਰੱਸਨ ਵਾਸਤੇ ਦਾਅ ਲਾਈ ਤੇਰੇ ਸਿਰ ਤੇ ਬੈਠਾ ਇੰਤਜ਼ਾਰ ਕਰ ਰਿਹਾ ਹੈ। ਦੂਜੇ ਪਾਸੇ ਸੱਚੇ ਪਾਤਸ਼ਾਹ ਵਾਹਿਗੁਰੂ ਨੂੰ ਜੇ ਮਨ ਵਿੱਚ ਵਸਣਾ ਕਰ ਲਈਏ ਤਾਂ ਉਹ ਆਪੇ ਆਪਣਾ ਪਿਆਰ ਬੰਦੇ ਉੱਤੋਂ ਨਿਛਾਵਰ ਕਰ ਦਿੰਦਾ ਹੈ ਵਾਰ ਦਿੰਦਾ ਹੈ। ਜਦੋਂ ਸਵਾਸ ਪੂਰੇ ਹੋ ਜਾਂਦੇ ਹਨ ਤਾਂ ਜਰਾ ਜਿੰਨੀ ਵੀ ਦੇਰ ਨਹੀਂ ਲੱਗਦੀ ਘੜੀ ਤਾਂ ਬਹੁਤ ਦੂਰ ਦੀ ਗੱਲ ਹੈ, ਪਲ ਵੀ ਨਹੀਂ ਲੱਗਦਾ ਸੁਆਸ ਨਿਕਲਣ ਨੂੰ। ਗੁਰੂ ਦੁਆਰਾ ਦਿੱਤੇ ਹੋਏ ਗਿਆਨ ਨਾਲ ਉਹ ਉਸ ਮਾਲਕ ਪ੍ਰਭੂ ਗੋਬਿੰਦ ਵਿੱਚ ਸਮਾਉਣ ਲੱਗਿਆਂ ਦੇਰ ਨਹੀਂ ਲੱਗਦੀ।

ਸਲੋਕੁ ਮ ੧ ॥

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥ ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ ॥੧॥ {ਪੰਨਾ 147}

ਭਾਵ ਅਰਥ:-

ਹੇ ਹਰਿ ਪ੍ਰਭੂ! ਜਿਸ ਬੰਦੇ ਦੇ ਅੰਦਰ ਤੂੰ ਨਹੀਂ ਵੱਸਦਾ ਉਹਦੇ ਮੂੰਹ ਵਿੱਚੋਂ ਕੌੜੇ ਹੀ ਬੋਲ ਨਿਕਲਦੇ ਹਨ, ਜਿਸ ਤਰਾਂ ਤੁਮਾ ਤੁਮੀ ਅੱਕ ਧਤੂਰਾ ਨਿਮ ਆਦਿ ਵਰਗੇ ਕੁੜਤਨ ਨਾਲ ਭਰੇ ਫਲ ਹੋਣ। ਹੇ ਪ੍ਰਭੂ! ਜਿਸ ਦੇ ਮਨ ਵਿੱਚ ਤੂੰ ਨਹੀਂ ਵਸਦਾ, ਉਹ ਮਨਮੁਖ ਹੈ, ਆਪਣੀ ਮਰਜ਼ੀ ਕਰਨ ਵਾਲਾ ਹੈ। ਹੇ ਨਾਨਕ! ਇਹ ਬਦ ਨਸੀਬ ਹਨ। ਅਜਿਹੇ ਬੰਦੇ ਭਟਕਦੇ ਹੀ ਰਹਿੰਦੇ ਹਨ। ਇਹਨਾਂ ਬਾਰੇ ਕਿਸੇ ਨੂੰ ਕੀ ਦੱਸੀਏ, ਇਹਨਾਂ ਨੂੰ ਸਿੱਧਾ ਰਸਤਾ ਮਾਲਕ ਆਪ ਹੀ ਦੱਸ ਸਕਦਾ ਹੈ।

**ਅੰਗ 148**

ਮ ੧ ॥

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥ ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥ ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥੨॥ {ਪੰਨਾ 148}

ਭਾਵ ਅਰਥ:-

ਹੇ ਭਾਈ! ਅਕਲ ਮਤ, ਮੰਨੋ ਇਕ ਪੰਛੀ ਹੈ। ਉਸ ਦੇ ਪਿਛਲੇ ਕਰਮਾਂ ਦਾ ਬਣਿਆ ਹੋਇਆ ਸੁਭਾਅ, ਉਸ ਦਾ ਸਾਥੀ ਹੈ, ਇੰਨਾ ਕਰਮਾਂ ਕਰਕੇ ਹੀ ਮੱਤ ਕਦੇ ਚੰਗੀ ਹੈ ਤੇ ਕਦੇ ਮਾੜੀ ਹੈ। ਇਸ ਨੂੰ ਇਉ ਕਹਿ ਲਓ ਕਿ ਇਹ ਪੰਛੀ ਕਦੇ ਚੰਦਨ ਦੇ ਬੂਟੇ ਉੱਤੇ ਬੈਠਦਾ ਹੈ ਤੇ ਕਦੀ ਅੱਕ ਦੇ ਬੂਟੇ ਉੱਤੇ ਤੇ ਕਦੇ ਹਰੀ ਪ੍ਰਭੂ ਦੇ ਚਰਨਾਂ ਦੀ ਉਚਾਈ ਤੱਕ ਪਹੁੰਚ ਜਾਂਦਾ ਹੈ। ਪਰ ਇਹ ਕਿਸੇ ਦੇ ਵੱਸ ਦੀ ਗੱਲ ਨਹੀਂ ਕਿਉਂਕਿ ਪ੍ਰਭੂ ਦੇ ਹੁਕਮ ਵਿੱਚ ਹੀ ਹਰ ਜੀਵ ਤੁਰਦਾ ਹੈ, ਭਾਵੇਂ ਕੋਈ ਚੰਗੀ ਮੱਤ ਵਾਲਾ ਹੈ ਤੇ (ਭਾਵੇਂ ਕੋਈ ਮੰਦੀ ਮਤ ਵਾਲਾ)।

ਪਉੜੀ ॥

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥ ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥ ਖਾਲਕ ਕਉ ਆਦੇਸੁ ਢਾਢੀ ਗਾਵਣਾ ॥ ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥ {ਪੰਨਾ 148}

ਭਾਵ ਅਰਥ:-

ਬੇਅੰਤ ਜੀਵ ਉਸ ਹਰੀ ਪ੍ਰਭੂ ਦਾ ਗੁਣਗਾਨ ਕਰਦੇ ਆਏ ਹਨ ਤੇ ਕਰਦੇ ਚਲੇ ਗਏ। ਵੇਦਾਂ, ਗ੍ਰੰਥਾਂ ਆਦਿਕ ਨੇ ਰੱਜ ਕੇ ਪਰਮਾਤਮਾ ਦਾ ਗੁਣਗਾਨ ਕੀਤਾ, ਪਰ "ਉਸਦਾ" ਅੰਤ ਨਹੀਂ ਪਾਇਆ ਜਾ ਸਕਿਆ। ਵੇਦ ਆਦਿਕ ਧਾਰਮਿਕ ਗ੍ਰੰਥ ਪੜ੍ਹਨ ਦੀ ਬਜਾਏ, ਉਸ ਦਾਤੇ ਦਾ ਗੁੱਝਾ ਭੇਦ ਲੱਭਣ ਦੀ ਕੋਸ਼ਿਸ਼ ਕਰੀਏ। ਕੁਝ ਲੋਕ ਆਪਣੇ ਆਪ ਨੂੰ ਕਸ਼ਟ ਦੇ ਕੇ ਪਰਮਾਤਮਾ ਦੇ ਕੋਲ ਪਹੁੰਚਾਉਣ ਦਾ ਢੌਂਗ ਰਚਾਉਂਦੇ ਹਨ, ਉਹਨਾਂ ਨੂੰ ਕਿੱਦਾਂ ਸਮਝਾਇਆ ਜਾ ਸਕਦਾ ਹੈ ਜਦੋਂ ਕਿ ਸੋਹਣੀ ਸ਼ਬਦ ਬਾਣੀ ਦੇ ਵਿੱਚੋਂ ਹੀ ਉਹ ਅਲਖ ਨਿਰੰਜਨ ਨੂੰ ਪਾਇਆ ਜਾ ਸਕਦਾ ਹੈ। ਉਸ ਦਾਤੇ ਦੇ ਬੇਅੰਤ ਨਾਮ ਹਨ। ਉਹਨਾਂ ਨਾਮਾਂ ਦੇ ਰਾਹੀਂ ਹੀ ਉਸ ਦੇ ਦਰਬਾਰ ਤੱਕ ਪਹੁੰਚਿਆ ਜਾ ਸਕਦਾ ਹੈ। ਕੋਈ ਪ੍ਰਭੂ ਅੱਗੇ ਸਿਰ ਨਿਵਾਉਂਦਾ ਹੈ, ਢਾਡੀ ਬਣ ਕੇ ਨੱਚਦਾ ਤੇ ਗਾਉਂਦਾ ਹੈ ਹੇ ਨਾਨਕ! ਹਰ ਜੁਗ ਵਿਚ ਮੌਜੂਦ ਰਹਿਣ ਵਾਲੇ ਪ੍ਰਭੂ ਨੂੰ ਆਪਣੇ ਮਨ ਵਿੱਚ ਫਿਰ ਉਹ ਵਸਾਉਣਾ ਕਰਦਾ ਹੈ।

ਸਲੋਕੁ ਮਹਲਾ ੨ ॥

ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥ ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥ ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥ ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥ ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥ ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥ {ਪੰਨਾ 148}

ਭਾਵ ਅਰਥ:-

ਠੂੰਹਿਆਂ ਦਾ ਜਾਨਕਾਰ , ਸੱਪ ਦੀ ਬਿਲ ਵਿੱਚ ਜੇ ਹੱਥ ਪਾਉਂਦਾ ਹੈ ਤਾਂ ਮਨੋ ਉਹ ਆਪਣੇ ਆਪ ਨੂੰ ਹੀ ਨੁਕਸਾਨ ਪਹੁੰਚਾ ਰਿਹਾ ਹੈ। ਇਹ ਧੁਰੋਂ ਹੀ ਲਿਖਿਆ ਹੋਇਆ ਹੈ ਕਿ ਜਿਹੜਾ ਬੰਦਾ ਅੱਤ ਕਰਦਾ ਹੈ ਉਸ ਨੂੰ ਉਸ ਦਾ ਖਮਿਆਜਾ ਭੁਗਤਨਾ ਪੈਂਦਾ ਹੈ। ਜੇ ਮਨਮੁਖ ਮਨੁੱਖ ਨਾਲ ਖੈਬੜਦਾ ਹੈ ਤਾਂ ਸੱਚੇ ਨਿਆਂ ਅਨੁਸਾਰ ਉਹ ਸੰਸਾਰ ਸਮੁੰਦਰ ਵਿੱਚ ਡੁੱਬਦਾ ਹੈ ਭਾਵ ਵਿਕਾਰਾਂ ਦੀਆਂ ਲਹਿਰਾਂ ਵਿੱਚ ਉਸਦੀ ਜ਼ਿੰਦਗੀ ਦੀ ਬੇੜੀ ਗਰਕ ਹੋ ਜਾਂਦੀ ਹੈ। ਪਰ ਇੱਥੇ ਵੀ ਕਿਸੇ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਸਭ ਕੁਝ ਪ੍ਰਭੂ ਪਰਮਾਤਮਾ, ਕਰਤਾਰ ਆਪ ਹੀ ਕਰਵਾਉਂਦਾ ਹੈ! ਹੇ ਨਾਨਕ! ਅਸਲ ਗੱਲ ਇਉ ਸਮਝਣੀ ਚਾਹੀਦੀ ਹੈ ਕਿ ਹਰੇਕ ਕੰਮ ਉਸਦੇ ਹੁਕਮ ਅਨੁਸਾਰ ਹੀ ਹੋ ਰਿਹਾ ਹੈ।

ਮਹਲਾ ੨ ॥

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥ ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥ ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥ {ਪੰਨਾ 148}

ਭਾਵ ਅਰਥ:-

ਹੇ ਨਾਨਕ! ਜਿਹੜਾ ਬੰਦਾ ਆਪਣੇ ਆਪ ਨੂੰ ਸਮਝ ਲੈਂਦਾ ਹੈ ਉਹਨੂੰ ਹੀ ਪਰਖੂ ਕਿਹਾ ਜਾ ਸਕਦਾ ਹੈ। ਇਸੇ ਤਰ੍ਹਾਂ ਹੀ ਵੈਦ ਵੀ ਉਹੀ ਕਿਹਾ ਜਾ ਸਕਦਾ ਹੈ ਜਿਹਨੂੰ ਰੋਗ ਦਾ ਵੀ ਤੇ ਉਸਦੇ ਦਾਰੂ ਦਾ ਵੀ ਪਤਾ ਹੋਵੇ। ਇਹੋ ਜਿਹਾ ਸੁਜਾਨ ਪੁਰਖ ਜੀਵਨ ਦੇ ਰਾਹ ਵਿੱਚ ਹੋਰਨਾਂ ਨਾਲ ਝੇੜੇ ਨਹੀਂ ਪਾ ਕੇ ਬੈਠਦਾ। ਉਹ ਜੀਵਨ ਦੇ ਰਾਹ ਵਿੱਚ ਆਪਣੇ ਆਪ ਨੂੰ ਮੁਸਾਫਰ ਸਮਝ ਕੇ ਪ੍ਰਭੂ ਪਰਮਾਤਮਾ ਨਾਲ ਡੂੰਗੀ ਸਾਂਝ ਪਾਉਣ ਦੀ ਕੋਸ਼ਿਸ਼ ਕਰਦਾ ਹੈ ਅਤੇ ਸਤਸੰਗੀਆਂ ਦੇ ਨਾ.ਲ ਸਮਾਂ ਗੁਜਾਰਦਾ ਹੈ। ਅਜਿਹਾ ਮਨੁੱਖ ਲੱਬ ਦੇ ਸਹਾਰੇ ਨਹੀਂ ਚਲਦਾ ਆਪਣੇ ਮਨ ਨੂੰ ਸੱਚ ਵਿੱਚ ਟਿਕਾਈ ਰੱਖਦਾ ਹੈ। ਅਜਿਹਾ ਬੰਦਾ ਆਪ ਤਾਂ ਪ੍ਰਭੂ ਦੇ ਰਾਹ ਤੇ ਚੱਲਦਾ ਹੀ ਹੈ, ਹੋਰਨਾਂ ਨੂੰ ਵੀ ਪ੍ਰੇਰਦਾ ਹੈ।

ਪਰ ਜੇ ਮਨਮੁਖ ਗੁਰਮੁਖਾਂ ਨਾਲ ਆਢੇ ਲੈਂਦਾ ਫਿਰਦਾ ਹੈ ਤਾਂ ਉਹ ਇੰਝ ਕਿਹਾ ਜਾ ਸਕਦਾ ਹੈ ਕਿ ਉਹ ਅਸਮਾਨ ਵੱਲ ਨੂੰ ਤੀਰ ਚਲਾ ਰਿਹਾ ਹੈ। ਸੱਚ ਜਾਣਿਓ ਇਹ ਤੀਰ ਕਿਸੇ ਨਿਸ਼ਾਨੇ ਤੇ ਨਹੀਂ ਲੱਗ ਸਕਦਾ ਕਿਉਂਕਿ ਅਸਮਾਨ ਬਹੁਤ ਉੱਚਾ ਹੈ ਤੇ ਅੰਤ ਨੂੰ ਇਹ ਤੀਰ ਉਸੇ ਮਨਮੁਖ ਨੂੰ ਆ ਕੇ ਲੱਗ ਜਾਂਦਾ ਹੈ।

ਪਉੜੀ ॥

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥ ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥ ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥ ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥ {ਪੰਨਾ 148}

ਭਾਵ ਅਰਥ:-

ਇੱਕ ਪਾਸੇ ਜੀਵ ਇਸਤਰੀਆਂ ਆਪਣੇ ਪ੍ਰਭੂ ਪ੍ਰੀਤਮ ਪਿਆਰੇ ਨੂੰ ਪਿਆਰ ਕਰਦੀਆਂ ਹਨ, ਦਿਨ ਰਾਤ ਇਸ ਵਿੱਚ ਰੁਝੀਆਂ ਰਹਿੰਦੀਆਂ ਹਨ ਵਰਜਿਆਂ ਵੀ ਨਹੀਂ ਹਟਦੀਆਂ ਤੇ ਦੂਸਰੇ ਪਾਸੇ ਇਹੀ ਜੀਵ ਇਸਤਰੀਆਂ, ਪ੍ਰਭੂ ਦੀ ਮਿਹਰ ਨਾਲ ਸੁਧਰੀਆਂ ਰਹਿੰਦੀਆਂ ਹਨ। ਓਹ ਨਾਮ ਦੀ ਵਿਚਾਰ ਚਰਚਾ ਕਰਦੀਆਂ ਨੇ ਤੇ ਮੰਨੋ ਪ੍ਰਭੂ ਪਰਮਾਤਮਾ ਦੇ ਮਹਿਲ ਵਿੱਚ ਰਹਿ ਰਹੀਆਂ ਹਨ ਤੇ ਉਸ ਸਦਾ ਥਿਰ ਰਹਿਣ ਵਾਲੇ ਅੱਗੇ ਅਰਦਾਸਾਂ ਕਰਦੀਆਂ ਰਹਿੰਦੀਆਂ ਹਨ (ਦੁਨੀਆਂਦਾਰੀ ਦੇ ਨਾਸ਼ਵੰਤ ਪਦਾਰਥਾਂ ਦੀ ਕਾਮਨਾ ਨਹੀਂ ਕਰਦੀਆਂ ਉਹ ਪ੍ਰਭੂ ਦਾ ਸਦਾ ਕਾਇਮ ਰਹਿਣ ਵਾਲਾ ਪਿਆਰ ਮੰਗਦੀਆਂ ਹਨ) ਉਹ ਮੰਜ਼ਿਲ ਤੇ ਅਪੜੀਆਂ ਹੋਈਆਂ ਸਦਾ ਪ੍ਰਭੂ ਦੇ ਚਰਨ ਕਮਲਾਂ ਵਿੱਚ ਬੈਠੀਆਂ ਸੋਭਦੀਆਂ ਹਨ, ਪ੍ਰਭੂ ਨੂੰ ਦਿਲੋਂ ਪਿਆਰ ਕਰਦੀਆਂ ਹਨ ਤੇ ਸਖੀ ਭਾਵਨਾ ਨਾਲ ਉਸ ਅੱਗੇ ਅਰਦਾਸ ਵੀ ਕਰਦੀਆਂ ਹਨ।

ਪਰ ਦੂਜੇ ਪਾਸੇ ਉਹ ਜੀਵਨ ਫਿਟਕਾਰ ਦੇ ਯੋਗ ਹੈ, ਉਸ ਵਸੇਬੇ ਨੂੰ ਲਾਨਤ ਹੈ ਜੋ ਨਾਮ ਤੋਂ ਸੱਖਣਾ ਹੈ। ਜਿਸ ਜੀਵ ਇਸਤਰੀ ਨੂੰ ਅਕਾਲ ਪੁਰਖ ਨੇ ਗੁਰੂ ਸ਼ਬਦ ਦੇ ਰਾਹੀਂ ਸੁਧਾਰਿਆ ਹੈ, ਉਸ ਨੇ ਸਮਝੋ, ਸ਼ਬਦ ਨਾਮ ਦਾ ਅੰਮ੍ਰਿਤ ਪੀ ਲਿਆ ਹੈ।

ਸਲੋਕੁ ਮ ੧ ॥

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥ ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥੧॥ {ਪੰਨਾ 148}

ਭਾਵ ਅਰਥ:-

ਰੇਤ ਵਿੱਚ ਮੀਂਹ ਦੇ ਪੈਣ ਨਾਲ ਉਹਦੀ ਪਿਆਸ ਨਹੀਂ ਬੁਝਦੀ ਅਤੇ ਇਸੇ ਤਰ੍ਹਾਂ ਹੀ ਅੱਗ ਨਾਲ ਭੁੱਖ ਨਹੀਂ ਮਿਟ ਸਕਦੀ ਮਿਟ ਸਕਦੀ, ਦੂਜੇ ਪਾਸੇ, ਇਸੇ ਤਰ੍ਹਾਂ ਸਮੁੰਦਰਾਂ ਦੇ ਭਰਨ ਨਾਲ ਰਾਜੇ ਦੇ ਰਾਜ ਦੀ ਪਿਆਸ ਨਹੀਂ ਮੁੱਕ ਸਕਦੀ। ਹੇ ਨਾਨਕ! ਨਾਮ ਜਪਣ ਵਾਲਿਆਂ ਦੇ ਹਿਰਦੇ ਅੰਦਰ ਕਿੰਨੀ ਕੁ ਨਾਮ ਦੀ ਤਾਂਗ ਹੁੰਦੀ ਹੈ ਇਹ ਬਿਆਨ ਨਹੀਂ ਕੀਤੀ ਜਾ ਸਕਦੀ।

ਮਹਲਾ ੨ ॥

ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ ॥ ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ ॥ ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥ {ਪੰਨਾ 148}

ਭਾਵ ਅਰਥ:-

ਜਦ ਤੱਕ ਬੰਦਾ ਗੋਬਿੰਦ ਪ੍ਰਭੂ ਦੀ ਸਮਝ ਨਹੀਂ ਰੱਖਦਾ, ਉਸ ਦਾ ਜੀਵਨ ਵਿਅਰਥ ਹੈ, ਪਰ ਉਸ ਅਕਾਲ ਪੁਰਖ ਦੀ ਕਿਰਪਾ ਨਾਲ ਜਿਹੜੇ ਉਸ ਦੀ ਬੰਦਗੀ ਨਾਲ ਜੁੜ ਜਾਂਦੇ ਹਨ, ਉਹ ਇਸ ਸੰਸਾਰ ਸਾਗਰ ਤੋਂ ਪਾਰ ਉਤਰ ਜਾਂਦੇ ਹਨ। ਹੇ ਨਾਨਕ! ਜਿਸ ਦਾਤੇ ਨੇ, ਅਕਾਲ ਪੁਰਖ ਨੇ, ਇਸ ਸਾਰੀ ਸ੍ਰਿਸ਼ਟੀ ਨੂੰ ਸਾਜਿਆ ਹੈ, ਬਣਾਇਆ ਹੈ, ਜਿਸ ਦੀ ਸੱਤਿਆ ਉੱਤੇ ਇਹ ਸਭ ਕੁਝ ਟਿਕਿਆ ਹੋਇਆ ਹੈ, ਸਿਰਫ ਉਹਦਾ ਤੇ ਉਹਦਾ ਨਾਮ ਲੈਣਾ ਕਰ।

ਪਉੜੀ ॥

ਖਸਮੈ ਕੈ ਦਰਬਾਰਿ ਢਾਢੀ ਵਸਿਆ ॥ ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥ ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ ਦੁਸਮਨ ਕਢੇ ਮਾਰਿ ਸਜਣ ਸਰਸਿਆ ॥ ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥ ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥ {ਪੰਨਾ 148}

ਭਾਵ ਅਰਥ:-

ਜਿਹੜਾ ਮਨੁੱਖ ਉਸ ਸਤ ਕਰਤਾਰ ਦੀ ਸਿਫਤ ਸਲਾਹ ਕਰਦਾ ਹੈ ਮਾਲਕ ਉਸਨੂੰ ਆਪਣੀ ਹਜੂਰੀ ਵਿੱਚ ਥਾਂ ਦਿੰਦਾ ਹੈ। ਉਸ ਸਦਾ ਥਿਰ ਪ੍ਰਭੂ ਦੀ ਯਾਦ ਵਿੱਚ ਜੁੜੇ ਹੋਏ ਬੰਦੇ ਦਾ ਹਿਰਦਾ ਕਮਲ ਫੁੱਲ ਦੀ ਤਰ੍ਹਾਂ ਸਦਾ ਖਿੜਿਆ ਰਹਿੰਦਾ ਹੈ। ਮਾਲਕ ਤੋਂ ਸੰਪੂਰਨਤਾ ਹਾਸਿਲ ਕਰਕੇ, ਸਾਰੀਆਂ ਖੁਸ਼ੀਆਂ ਹਾਸਲ ਕਰਕੇ ਉਹ ਅੰਦਰੋਂ ਖਿੜਿਆ ਰਹਿੰਦਾ ਹੈ ਅਨੰਦਿਤ ਰਹਿੰਦਾ ਹੈ। ਕਿਉਂਕਿ ਉਹ ਕਾਮ ਆਦਿਕ ਵਿਕਾਰਾਂ ਨੂੰ ਆਪਣੇ ਅੰਦਰੋਂ ਕੱਢ ਸੁੱਟਦਾ ਹੈ। ਇਸ ਸਭ ਨਾਲ ਉਸ ਦੇ ਗਿਆਨ ਇੰਦਰੇ ਨਾਮ ਵਿੱਚ ਰਚ ਕੇ ਪ੍ਰਸੰਨ ਚਿੱਤ ਹੋ ਜਾਂਦੇ ਹਨ। ਇਹ ਗਿਆਨ ਇੰਦਰੇ ਪ੍ਰਭੂ ਦੀ ਰਜ਼ਾ ਅਨੁਸਾਰ ਚੱਲਣ ਲੱਗ ਪੈਂਦੇ ਹਨ, ਸਤਿਗੁਰ ਇਨਾਂ ਨੂੰ ਜੀਵਨ ਦਾ ਸੱਚਾ ਰਾਹ ਦਿਖਾ ਦਿੰਦਾ ਹੈ। ਉਸ ਅਗਮ ਅਪਾਰ ਪ੍ਰਭੂ ਦਾ ਨਾਮ ਜਪਣ ਵਾਲਾ ਮਨੁੱਖ ਗੁਰੂ ਸ਼ਬਦ ਵਿਚਾਰ ਕੇ ਆਤਮਿਕ ਮੌਤੇ ਮਰਨ ਦਾ ਡਰ ਦੂਰ ਕਰ ਲੈਂਦਾ ਹੈ, ਗੁਰੂ ਦੀ ਕਿਰਪਾ ਕਾਰਨ ਇਹ ਸੁਧਰਿਆ ਹੋਇਆ ਢਾਡੀ ਉਸ ਅਕੱਥ ਪ੍ਰਭੂ ਦੇ ਗੁਣ ਗਾਉਂਦਾ ਹੈ। ਹੇ ਨਾਨਕ! ਪ੍ਰਭੂ ਦੇ ਗੁਣਾਂ ਦੀ ਪੂੰਜੀ ਇਕੱਠੀ ਕਰ ਅਤੇ ਉਸ ਪਿਆਰੇ ਦੇ ਚਰਨ ਕਮਲਾਂ ਨਾਲ ਜੁੜ ਜਾ।



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


Gillson
TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company. policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd. Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com



ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ

# ਭਾਵਨਾਵਾਂ ਅਤੇ ਮਾਨਸਿਕ ਸਿਹਤ

ਭਾਵਨਾਵਾਂ ਮਨੁੱਖੀ ਵਿਉਹਾਰ, ਫ਼ੈਸਲਾ ਲੈਣ ਦੀ ਸਮਰੱਥਾ, ਰਿਸ਼ਤਿਆਂ ਅਤੇ ਸਮੁੱਚੀ ਭਲਾਈ ਨੂੰ ਆਕਾਰ ਦੇਣ ਵਾਲੀਆਂ ਮੂਲ ਜੈਵਿਕ ਅਤੇ ਮਨੋਵਿਗਿਆਨਕ ਪ੍ਰਤੀਕ੍ਰਿਆਵਾਂ ਹਨ। ਭਾਵਨਾਵਾਂ ਸਿਰਫ਼ ਅਹਿਸਾਸ ਹੀ ਨਹੀਂ, ਭਾਵਨਾਵਾਂ ਦਿਮਾਗ, ਨਰਵਸ ਸਿਸਟਮ, ਹਾਰਮੋਨਾਂ ਅਤੇ ਰੋਗ-ਰੋਧਕ ਪ੍ਰਣਾਲੀ ਨਾਲ ਜੁੜੀਆਂ ਜਟਿਲ ਪ੍ਰਕਿਰਿਆਵਾਂ ਹਨ। ਆਧੁਨਿਕ ਇਲਾਜ਼ ਪ੍ਰਣਾਲੀ ਦਾ ਵਿਗਿਆਨ ਮੰਨਦਾ ਹੈ ਕਿ ਭਾਵਨਾਤਮਕ ਸਿਹਤ ਮਾਨਸਿਕ ਸਿਹਤ ਦਾ ਕੇਂਦਰੀ ਹਿੱਸਾ ਹੈ ਅਤੇ ਇਹ ਸਰੀਰਕ ਸਿਹਤ ਜਿਤਨੀ ਹੀ ਮਹੱਤਵਪੂਰਨ ਹੈ।

ਭਾਵਨਾਵਾਂ ਕੀ ਹਨ?

ਭਾਵਨਾਵਾਂ ਅੰਦਰੂਨੀ ਵਿਚਾਰਾਂ ਜਾਂ ਬਾਹਰੀ ਘਟਨਾਵਾਂ ਲਈ ਸੰਯੁਕਤ ਪ੍ਰਤੀਕ੍ਰਿਆਵਾਂ ਹੁੰਦੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

ਨਿੱਜੀ ਅਹਿਸਾਸ (ਜਿਵੇਂ ਖੁੱਸ਼ੀ ਜਾਂ ਡਰ)

ਸਰੀਰਕ ਬਦਲਾਅ (ਜਿਵੇਂ ਦਿਲ ਦੀ ਧੜਕਣ ਤੇਜ਼ ਹੋਣਾ)

ਵਿਉਹਾਰਕ ਪ੍ਰਤੀਕ੍ਰਿਆਵਾਂ (ਜਿਵੇਂ ਰੋਣਾ ਜਾਂ ਮੁਸਕਰਾਉਣਾ)

ਮੁੱਢਲੀਆਂ ਮਨੁੱਖੀ ਭਾਵਨਾਵਾਂ ਹਨ:

ਖੁਸ਼ੀ, ਦੁੱਖ, ਡਰ, ਗੁੱਸਾ, ਪਿਆਰ, ਨਫ਼ਰਤ, ਹੈਰਾਨੀ

ਇਹ ਭਾਵਨਾਵਾਂ ਜੀਵਨ ਰੱਖਿਆ ਲਈ ਵਿਕਸਿਤ ਹੋਈਆਂ ਹਨ। ਉਦਾਹਰਨ ਲਈ, ਡਰ ਸਰੀਰ ਨੂੰ ਖ਼ਤਰੇ ਤੋਂ ਬੱਚਣ ਲਈ ਤਿਆਰ ਕਰਦਾ ਹੈ, ਜਦਕਿ ਪਿਆਰ ਨਾਤਿਆਂ ਅਤੇ ਸਮਾਜਿਕ ਸਹਿਯੋਗ ਨੂੰ ਮਜ਼ਬੂਤ ਕਰਦਾ ਹੈ।

ਭਾਵਨਾਵਾਂ ਦਾ ਜੈਵਿਕ ਆਧਾਰ

ਭਾਵਨਾਵਾਂ ਮੁੱਖ ਤੌਰ ਤੇ ਦਿਮਾਗ਼ ਵਿੱਚ ਉਤਪੰਨ ਹੁੰਦੀਆਂ ਹਨ ਅਤੇ ਸਰੀਰ ਨਾਲ ਡੂੰਘਾ ਸੰਬੰਧ ਰੱਖਦੀਆਂ ਹਨ।

ਦਿਮਾਗ਼ ਦੇ ਕੇਂਦਰ ਦੇ ਮੁੱਖ ਭਾਗ ਇਹ ਹਨ:

ਲਿੰਬਿਕ ਸਿਸਟਮ — ਭਾਵਨਾਵਾਂ ਦਾ ਕੇਂਦਰ

ਐਮੀਗਡਾਲਾ — ਡਰ ਅਤੇ ਖਤਰੇ ਦੀ ਪ੍ਰਕਿਰਿਆ

ਹਿਪੋਕੈਂਪਸ — ਭਾਵਨਾਵਾਂ ਨੂੰ ਯਾਦਾਂ ਨਾਲ ਜੋੜਦਾ ਹੈ

ਪ੍ਰੀਫਰੰਟਲ ਕਾਰਟੈਕਸ — ਭਾਵਨਾਤਮਕ ਨਿਯੰਤਰਣ ਅਤੇ ਫ਼ੈਸਲਾ ਲੈਣ ਵਿੱਚ ਮਦਦ ਕਰਦਾ ਹੈ

ਜਦੋਂ ਭਾਵਨਾਵਾਂ ਪੈਦਾ ਹੁੰਦੀਆਂ ਹਨ, ਇਹ ਭਾਗ ਤੇਜ਼ੀ ਨਾਲ ਸੰਚਾਰ ਕਰਦੇ ਹਨ ਅਤੇ ਮਨੋਵਿਗਿਆਨਕ ਅਨੁਭਵ ਅਤੇ ਸਰੀਰਕ ਪ੍ਰਤੀਕ੍ਰਿਆ ਦੋਵੇਂ ਪੈਦਾ ਕਰਦੇ ਹਨ।

ਹਾਰਮੋਨ ਅਤੇ ਨਿਊਰੋਟ੍ਰਾਂਸਮੀਟਰ

ਰਸਾਇਣਕ ਸੰਦੇਸ਼ਵਾਹਕ ਭਾਵਨਾਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ:

ਸੈਰੋਟੋਨਿਨ — ਮੂਡ ਅਤੇ ਸੁੱਖ-ਅਹਿਸਾਸ ਨੂੰ ਨਿਯੰਤਰਿਤ ਕਰਦਾ ਹੈ।

ਡੋਪਾਮਿਨ — ਖੁਸ਼ੀ ਅਤੇ ਪ੍ਰੇਰਣਾ ਨਾਲ ਜੁੜਿਆ ਹੋਇਆ ਹੈ।

ਐਡ੍ਰੇਨਾਲਿਨ — ਸਰੀਰ ਨੂੰ ਕਾਰਵਾਈ ਲਈ ਤਿਆਰ ਕਰਦਾ ਹੈ।

ਕਾਰਟੀਸੋਲ — ਮੁੱਖ ਤਣਾਅ ਹਾਰਮੋਨ ਹੈ।

ਆਕਸੀਟੋਸਿਨ — ਭਰੋਸਾ ਅਤੇ ਨਜ਼ਦੀਕੀ ਵਧਾਉਂਦਾ ਹੈ।

ਇਨ੍ਹਾਂ ਵਿੱਚ ਅਸੰਤੁਲਨ ਭਾਵਨਾਤਮਕ ਅਸਥਿਰਤਾ ਪੈਦਾ ਕਰ ਸਕਦਾ ਹੈ।

ਭਾਵਨਾਵਾਂ ਅਤੇ ਮਾਨਸਿਕ ਸਿਹਤ ਦਾ ਸੰਬੰਧ

ਮਾਨਸਿਕ ਸਿਹਤ ਇਸ ਗੱਲ ਨਾਲ ਗਹਿਰਾਈ ਨਾਲ ਪ੍ਰਭਾਵਿਤ ਹੁੰਦੀ ਹੈ ਕਿ ਭਾਵਨਾਵਾਂ ਨੂੰ ਕਿਵੇਂ ਮਹਿਸੂਸ, ਪ੍ਰਗਟ ਅਤੇ ਸੰਭਾਲਿਆ ਜਾਂਦਾ ਹੈ।

ਸਿਹਤਮੰਦ ਭਾਵਨਾਤਮਕ ਕਾਰਗੁਜ਼ਾਰੀ ਵਿੱਚ ਸ਼ਾਮਲ ਹੈ:

ਆਪਣੇ ਅਹਿਸਾਸਾਂ ਨੂੰ ਪਛਾਣਨਾ, ਉਨ੍ਹਾਂ ਨੂੰ ਢੰਗ ਨਾਲ ਪ੍ਰਗਟ ਕਰਨਾ,ਤਣਾਅ ਨਾਲ ਨਜਿੱਠਣਾ,ਭਾਵਨਾਤਮਕ ਸੰਤੁਲਨ ਬਣਾਈ ਰੱਖਣਾ।

ਜਦੋਂ ਇਹ ਪ੍ਰਕਿਰਿਆ ਅਸਫਲ ਹੁੰਦੀ ਹੈ, ਤਾਂ ਮਨੋਵਿਗਿਆਨਕ ਤਕਲੀਫ਼ ਪੈਦਾ ਹੋ ਸਕਦੀ ਹੈ।

ਅਣਸੁਲਝੀਆਂ ਨਕਾਰਾਤਮਕ ਭਾਵਨਾਵਾਂ ਜਿਵੇਂ ਗੁੱਸਾ, ਦੁੱਖ, ਦੋਸ਼ਭਾਵ ਜਾਂ ਡਰ ਕਾਰਨ ਲਗਾਤਾਰ ਤਣਾਅ, ਨੀਂਦ ਦੀ ਸਮੱਸਿਆ, ਧਿਆਨ ਦੀ ਕਮੀ, ਸਮਾਜਿਕ ਦੂਰੀ, ਜੀਵਨ ਦੀ ਗੁਣਵੱਤਾ ਘਟਣਾ,ਲੰਬੇ ਸਮੇਂ ਵਿੱਚ ਇਹ ਮਾਨਸਿਕ ਬਿਮਾਰੀਆਂ ਵਿੱਚ ਬਦਲ ਸਕਦੀਆਂ ਹਨ।

ਭਾਵਨਾਵਾਂ ਨੂੰ ਸੰਭਾਲਣਾ ਕਿਉਂ ਜ਼ਰੂਰੀ ਹੈ?

ਭਾਵਨਾਵਾਂ ਬਹੁਤ ਸ਼ਕਤੀਸ਼ਾਲੀ ਹੁੰਦੀਆਂ ਹਨ। ਉਨ੍ਹਾਂ ਨੂੰ ਦਬਾਉਣਾ ਜਾਂ ਗਲਤ ਤਰੀਕੇ ਨਾਲ ਸੰਭਾਲਣਾ ਮਨ ਅਤੇ ਸਰੀਰ ਦੋਵਾਂ ਲਈ ਹਾਨੀਕਾਰਕ ਹੈ।

ਸਰੀਰਕ ਸਿਹਤ ਤੇ ਪ੍ਰਭਾਵ

ਲਗਾਤਾਰ ਨਕਾਰਾਤਮਕ ਭਾਵਨਾਵਾਂ ਤਣਾਅ ਪ੍ਰਣਾਲੀ ਨੂੰ ਸਰਗਰਮ ਰੱਖਦੀਆਂ ਹਨ। ਕਾਰਟੀਸੋਲ ਦੇ ਵੱਧ ਪੱਧਰ ਕਾਰਨ:

ਉੱਚ ਖੂਨ ਦਬਾਅ, ਰੋਗ-ਰੋਧਕ ਸ਼ਕਤੀ ਘਟਣਾ, ਪਾਚਣ ਸਮੱਸਿਆਵਾਂ, ਦਿਲ ਦੀਆਂ ਬਿਮਾਰੀਆਂ, ਲੰਬੇ ਸਮੇਂ ਦੀ ਸੋਜ਼,

ਰਿਸ਼ਤਿਆਂ ਤੇ ਪ੍ਰਭਾਵ

ਖਰਾਬ ਭਾਵਨਾਤਮਕ ਨਿਯੰਤਰਣ ਕਾਰਨ:

ਟਕਰਾਵ, ਗਲਤਫਹਿਮੀਆਂ, ਸਮਾਜਿਕ ਇਕਾਂਤ, ਸਹਾਇਤਾ ਪ੍ਰਣਾਲੀ ਦਾ ਨੁਕਸਾਨ, ਸਿਹਤਮੰਦ ਭਾਵਨਾਤਮਕ ਪ੍ਰਗਟਾਵਾ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ। ,ਗਲਤ ਨਿਪਟਾਰਾ ਤਰੀਕੇ ਦਾ ਖ਼ਤਰਾ

ਜੋ ਲੋਕ ਭਾਵਨਾਵਾਂ ਨੂੰ ਸੰਭਾਲ ਨਹੀਂ ਸਕਦੇ, ਉਹ ਜ਼ਿੰਦਗੀ ਵਿੱਚ ਗ਼ਲਤ ਤਰੀਕੇ ਅਪਣਾ ਸਕਦੇ ਹਨ:

ਨਸ਼ਾ,ਜ਼ਿਆਦਾ ਜਾਂ ਘੱਟ ਖਾਣਾ,ਖੁਦ ਨੂੰ ਨੁਕਸਾਨ ਪਹੁੰਚਾਉਣਾ ਅਤੇ ਗੁੱਸੇਖੋਰੀ।

ਕੀ ਡਿਪ੍ਰੈਸ਼ਨ ਅਤੇ ਚਿੰਤਾ ਭਾਵਨਾਵਾਂ ਨਾਲ ਜੁੜੇ ਹਨ?

ਹਾਂ। ਇਹ ਦੋਵੇਂ ਭਾਵਨਾਤਮਕ ਅਸੰਤੁਲਨ ਨਾਲ ਡੂੰਘਾ ਸੰਬੰਧ ਰੱਖਦੇ ਹਨ।

ਡਿਪ੍ਰੈਸ਼ਨ

ਲੰਬੇ ਸਮੇਂ ਤੱਕ ਰਹਿਣ ਵਾਲਾ ਦੁੱਖ ਅਤੇ ਰੁਚੀ ਦੀ ਕਮੀ ਇਸ ਦੀ ਵਿਸ਼ੇਸ਼ਤਾ ਹੈ।

ਲੱਛਣ:

ਨਿਰਾਸ਼ਾ, ਨਿਕੰਮੇਪਨ ਦੀ ਭਾਵਨਾ, ਭਾਵਨਾਤਮਕ ਦਰਦ, ਖੁਸ਼ੀ ਦੀ ਕਮੀ, ਦੋਸ਼ਭਾਵ।

ਇਹ ਸੈਰੋਟੋਨਿਨ, ਡੋਪਾਮਿਨ ਅਤੇ ਤਣਾਅ ਹਾਰਮੋਨਾਂ ਦੇ ਅਸੰਤੁਲਨ ਨਾਲ ਜੁੜਿਆ ਹੁੰਦਾ ਹੈ।

ਚਿੰਤਾ (ਐਂਜ਼ਾਇਟੀ)

ਅਸਲ ਖਤਰੇ ਤੋਂ ਵੱਧ ਡਰ ਅਤੇ ਚਿੰਤਾ।

ਲੱਛਣ:

ਲਗਾਤਾਰ ਘਬਰਾਹਟ,ਚਿੜਚਿੜਾਪਣ, ਬੇਚੈਨੀ, ਡਰ,ਆਰਾਮ ਕਰਨ ਵਿੱਚ ਮੁਸ਼ਕਲ

ਇਸ ਵਿੱਚ ਸਰੀਰ ਦੀ ਲੜੋ ਜਾਂ ਭੱਜੋ ਪ੍ਰਤੀਕ੍ਰਿਆ ਬਿਨਾਂ ਖ਼ਤਰੇ ਦੇ ਵੀ ਚਾਲੂ ਰਹਿੰਦੀ ਹੈ।

ਭਾਵਨਾਤਮਕ ਚੱਕਰ

ਨਕਾਰਾਤਮਕ ਭਾਵਨਾਵਾਂ ਤਣਾਅ ਜੈਵਿਕ ਬਦਲਾਅ ਗਲਤ ਸੋਚ ਹੋਰ ਨਕਾਰਾਤਮਕ ਭਾਵਨਾਵਾਂ

ਸਿਹਤਮੰਦ ਭਾਵਨਾਤਮਕ ਨਿਯੰਤਰਣ

ਖੋਜ ਅਨੁਸਾਰ:

ਜਾਗਰੂਕਤਾ

ਭਾਵਨਾਵਾਂ ਨੂੰ ਪਛਾਣਨਾ ਅਤੇ ਨਾਮ ਦੇਣਾ ਉਨ੍ਹਾਂ ਦੀ ਤੀਬਰਤਾ ਘਟਾਉਂਦਾ ਹੈ।

ਪ੍ਰਗਟਾਵਾ

ਗੱਲਬਾਤ, ਲਿਖਣ, ਕਲਾ ਜਾਂ ਅਰਦਾਸ ਰਾਹੀਂ ਪ੍ਰਗਟਾਵਾ ਤਣਾਅ ਘਟਾਉਂਦਾ ਹੈ।

ਸੋਚ ਵਿੱਚ ਬਦਲਾਅ

ਨਕਾਰਾਤਮਕ ਵਿਚਾਰਾਂ ਨੂੰ ਨਵੇਂ ਤਰੀਕੇ ਨਾਲ ਦੇਖਣਾ ਭਾਵਨਾਵਾਂ ਬਦਲ ਸਕਦਾ ਹੈ।

ਸਮਾਜਿਕ ਸਹਾਇਤਾ

ਪਰਿਵਾਰ ਅਤੇ ਦੋਸਤ ਤਣਾਅ ਤੋਂ ਬਚਾਉਂਦੇ ਹਨ।

ਜੀਵਨ ਸ਼ੈਲੀ

ਪੂਰੀ ਨੀਂਦ, ਕਸਰਤ ਅਤੇ ਸੰਤੁਲਿਤ ਭੋਜਨ ਦਿਮਾਗੀ ਰਸਾਇਣ ਨੂੰ ਸੰਤੁਲਿਤ ਕਰਦੇ ਹਨ।

ਸਕਾਰਾਤਮਕ ਭਾਵਨਾਵਾਂ ਦੀ ਭੂਮਿਕਾ

ਸਕਾਰਾਤਮਕ ਭਾਵਨਾਵਾਂ:

ਤਣਾਅ ਹਾਰਮੋਨ ਘਟਾਉਂਦੀਆਂ ਹਨ।

ਰੋਗ-ਰੋਧਕ ਸ਼ਕਤੀ ਵਧਾਉਂਦੀਆਂ ਹਨ।

ਦਿਲ ਦੀ ਸਿਹਤ ਸੁਧਾਰਦੀਆਂ ਹਨ।

ਸਮੱਸਿਆ ਹੱਲ ਕਰਨ ਦੀ ਸਮਰੱਥਾ ਵਧਾਉਂਦੀਆਂ ਹਨ।

ਲੰਬੀ ਉਮਰ ਨਾਲ ਜੁੜੀਆਂ ਹਨ।

ਤਰਸ ਅਤੇ ਆਸ਼ਾਵਾਦ ਖਾਸ ਤੌਰ ਤੇ ਲਾਭਕਾਰੀ ਹਨ।

ਭਾਵਨਾਵਾਂ ਦੀ ਅਣਦੇਖੀ ਦੇ ਨਤੀਜੇ

ਅਣਗਹਿਲੀ ਕਾਰਨ:

ਡਿਪ੍ਰੈਸ਼ਨ, ਚਿੰਤਾ ਰੋਗ

ਬਰਨਆਉਟ,ਮਨ-ਸਰੀਰਕ ਬਿਮਾਰੀਆਂ, ਆਤਮਹੱਤਿਆ ਦਾ ਵੱਧ ਖਤਰਾ, ਸਮਾਜਿਕ ਸਿਹਤ ਲਈ ਭਾਵਨਾਤਮਕ ਭਲਾਈ ਬਹੁਤ ਜ਼ਰੂਰੀ ਹੈ।

ਭਾਵਨਾਵਾਂ ਮਨੁੱਖੀ ਜੀਵਨ ਦਾ ਕੇਂਦਰ ਹਨ। ਇਹ ਵਿਚਾਰਾਂ, ਵਿਉਹਾਰ, ਸਰੀਰਕ ਸਿਹਤ ਅਤੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਸਹੀ ਭਾਵਨਾਤਮਕ ਸੰਭਾਲ ਮਾਨਸਿਕ ਸਿਹਤ ਲਈ ਅਤਿਅੰਤ ਜ਼ਰੂਰੀ ਹੈ, ਜਦਕਿ ਲਗਾਤਾਰ ਨਕਾਰਾਤਮਕ ਭਾਵਨਾਵਾਂ ਡਿਪ੍ਰੈਸ਼ਨ ਅਤੇ ਚਿੰਤਾ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ।

ਭਾਵਨਾਵਾਂ ਨੂੰ ਸੰਭਾਲਣਾ ਕਮਜ਼ੋਰੀ ਨਹੀਂ, ਸਗੋਂ ਵਿਗਿਆਨਕ ਲੋੜ ਹੈ। ਜਾਗਰੂਕਤਾ, ਸਿਹਤਮੰਦ ਪ੍ਰਗਟਾਵਾ ਅਤੇ ਮਜ਼ਬੂਤ ਰਿਸ਼ਤੇ ਮਨੁੱਖ ਨੂੰ ਸੰਤੁਲਿਤ ਅਤੇ ਸੰਤੁਸ਼ਟ ਜੀਵਨ ਵੱਲ ਲੈ ਜਾਂਦੇ ਹਨ।







Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# SUNSHINE AUTO CARE INC.

## WE REPAIR ALL MAKES & MODELS. AUTO, DIESEL TRUCK & TRAILERS

- ✓ DPF Filter Cleaning
- ✓ Clutch
- ✓ Transmission
- ✓ New/Used Tires
- ✓ Oil Changes
- ✓ Wheel Balancing
- ✓ Truck & Trailer Repair
- ✓ All Major & Minor Repairs
- ✓ We Do Aluminum Welding
- ✓ Computer Check
- ✓ Differential
- ✓ Inspections
- ✓ Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi


We Provide Towing &
**24/7 Mobile Road Services**
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA · MasterCard · AMERICAN EXPRESS · DISCOVER NETWORK





**1003 Moffat Blvd, Manteca CA 95336**

# 209-239-1551

---

Chevron

# TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
**BALRAJ SINGH PANNU**
**541-942-0105**

Chevron

1250, Gateway Blvd. Cottage, OR 97424,
**Ph : 541-942-4142 Fax : 541-942-9668**

---

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

**PREETI PANNU**
**(541) 369-2801**
FAX (541) 369-3810

33180 HWY 228 HALSEY, OR 97348


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

# ਨਚਾਰਾਂ ਤੋਂ ਸੱਭਿਆਚਾਰਕ ਗਰੁੱਪਾਂ ਤੱਕ ਦਾ ਸਫ਼ਰ

ਪੁਰਾਣੇ ਜ਼ਮਾਨੇ ਵਿੱਚ ਪੰਜਾਬ ਵਿੱਚ ਵਿਆਹ ਸ਼ਾਦੀਆਂ ਦੇ ਮੌਕੇ ਬਰਾਤ ਨਾ.ਲ ਨਚਾਰ ਆਉਂਦੇ ਹੁੰਦੇ ਸਨ। ਅਸਲ ਵਿੱਚ ਇਸਤਰੀਆਂ ਵਾਲੇ ਕਪੜੇ ਪਾ ਕੇ ਨੱਚਣ ਵਾਲੇ ਮਰਦਾਂ ਨੂੰ ਨਚਾਰ ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਆਮ ਕਰਕੇ ਇਹ ਚਾਰ ਪੰਜ ਕਲਾਕਾਰਾਂ ਦੀ ਟੋਲੀ ਹੁੰਦੀ ਸੀ ਜਿਸ ਵਿੱਚ ਇੱਕ ਦੋ ਮਰਦ ਜਨਾਨੇ ਕੱਪੜੇ ਪਾ ਕੇ ਸਾਜ਼ਿੰਦਿਆਂ ਦੇ ਤਾਲ'ਤੇ ਤੀਵੀਆਂ ਵਾਲੀਆਂ ਅਦਾਵਾਂ ਕਰਦੇ ਸਨ। ਉਨ੍ਹਾਂ ਵਿੱਚੋਂ ਦੋ ਤਿੰਨ ਜਣੇ ਸਾਜ਼ ਜਿਵੇਂ ਅਲਗੋਜ਼ੇ, ਪੀਪਣੀਆਂ, ਢੋਲਕੀਆਂ ਵਜਾਉਣ ਵਾ.ਲੇ ਹੁੰਦੇ ਸਨ । ਮੁੱਢ ਕਦੀਮ ਤੋਂ ਹੀ ਇਸ ਲੋਕ-ਨਾਚ ਦੀ ਪੰਜਾਬੀ ਜਨ-ਜੀਵਨ ਵਿੱਚ ਵਿਸ਼ੇਸ਼ ਥਾਂ ਬਣੀ ਹੋਈ ਹੈ। ਨਚਾਰਾਂ ਦੁਆਰਾ ਆਪਣੇ ਅੰਦਾਜ਼ ਵਿੱਚ ਰੰਗ ਬੰਨ੍ਹਣਾ ਪੰਜਾਬ ਦੇ ਮਰਦਾਵੇਂ ਨਾਚਾਂ ਦਾ ਹਿੱਸਾ ਹੈ। ਪੰਜਾਬ ਦੇ ਮਰਦਾਵੇਂ ਲੋਕ-ਨਾਚਾਂ ਵਿੱਚ ਪੰਜਾਬੀਆਂ ਦੀ ਸਰੀਰਕ ਸੁਡੋਲਤਾ, ਜ਼ਿੰਦਾ-ਦਿਲੀ, ਸਾਹਸ ਅਤੇ ਸਹਿਣਸ਼ੀਲਤਾ ਦੇ ਗੁਣ ਹੁੰਦੇ ਹਨ।

ਪੰਜਾਬ ਵਿੱਚ ਜਦੋਂ ਇੰਟਰਨੈੱਟ, ਟੀਵੀ, ਸੋਸ਼ਲ ਮੀਡੀਆ ਜਾਂ ਡੀ ਜੇ ਕਲਚਰ ਨਹੀਂ ਸੀ ਤਾਂ ਵਿਆਹ ਸ਼ਾਦੀਆਂ ਵਿੱਚ ਬਰਾਤਾਂ ਦੇ ਮਨੋਰੰਜਨ ਲਈ ਨਚਾਰਾਂ ਦੀਆਂ ਟੋਲੀਆਂ ਚੰਗਾ ਰੰਗ ਬੰਨ੍ਹਦੀਆਂ ਸਨ। ਕਿਸੇ ਵੇਲੇ ਪੰਜਾਬ ਵਿੱਚ ਵਿਆਹਾਂ ਸ਼ਾਦੀਆਂ ਵਿੱਚ ਨਚਾਰਾਂ ਦੇ ਮਨੋਰੰਜਨ ਦਾ ਕੋਈ ਤੋੜ ਨਹੀਂ ਸੀ। ਉਹ ਬਰਾਤ ਦੇ ਮੂਹਰੇ ਪੀਪਣੀਆਂ ਢੋਲਕੀਆਂ ਆਦਿ ਦੀ ਤਾਲ ਤੇ ਨਚਾਰ ਬਣਕੇ ਨੱਚਦੇ ਸਨ। ਉਹਨਾਂ ਦੀਆਂ ਸ਼ੋਖ ਅਦਾਵਾਂ ਨਾਲ ਹਰ ਕੋਈ ਕੀਲਿਆ ਜਾਂਦਾ ਸੀ। ਜਿੱਥੇ ਕਿਤੇ ਨਚਾਰ ਨੱਚਣ ਲਈ ਆਉਂਦੇ ਸਨ ਲੋਕ ਦੂਰੋਂ ਦੂਰੋਂ ਉਨ੍ਹਾਂ ਨੂੰ ਵੇਖਣ ਆਉਂਦੇ ਸਨ। ਕਈ ਨਚਾਰ ਟੋਲੀਆਂ ਆਪਣੇ ਆਪਣੇ ਖਾਸ ਨਾਵਾਂ ਕਰਕੇ ਮਸ਼ਹੂਰ ਰਹੀਆਂ ਹਨ।

ਅਜੋਕੇ ਸਮੇਂ ਵਿੱਚ ਨਚਾਰਾਂ ਭਾਵ ਜਨਾਨੇ ਕੱਪੜਿਆਂ ਵਿੱਚ ਨੱਚਣ ਵਾਲੇ ਮਰਦਾਂ ਦੀ ਭੂਮਿਕਾ ਪੰਜਾਬੀ ਸੱਭਿਆਚਾਰ ਵਿੱਚ ਬਦਲ ਕੇ ਸਾਹਮਣੇ ਆ ਰਹੀ ਹੈ। ਅੱਜ ਕੱਲ੍ਹ ਹੂ ਬ ਹੂ ਪੰਜਾਬੀ ਮੁਟਿਆਰਾਂ ਵਾਲੇ ਪਹਿਰਾਵੇ ਅਤੇ ਹਾਰ ਸ਼ਿੰਗਾਰ ਨੂੰ ਨਵੇਂ ਜ਼ਮਾਨੇ ਦੇ ਹਿਸਾਬ ਨਾਲ ਵਿਆਹ-ਸ਼ਾਦੀਆਂ ਵਿੱਚ ਮਨੋਰੰਜਨ ਦੇ ਰਵਾਇਤੀ ਸਾਧਨ ਤੋਂ ਬਦਲ ਕੇ ਨਵੇਂ ਰੂਪ ਵਿੱਚ ਪੇਸ਼ ਕੀਤਾ ਜਾਣ ਲੱਗਿਆ ਹੈ। ਅੱਜ ਕੱਲ੍ਹ ਨਚਾਰਾਂ ਤੋਂ ਨਾਂ ਬਦਲ ਕੇ ਆਪਣਾ ਆਪਣਾ ਨਾਂ ਲਗਾ ਕੇ ਸਭਿਆਚਾਰ ਗਰੁੱਪ, ਪੰਜਾਬੀ ਲੋਕ ਰੰਗ ਗਰੁੱਪ ,ਗਿੱਧਾ ਭੰਗੜਾ ਗਰੁੱਪ ਆਦਿਕ ਰੱਖ ਦਿੱਤੇ ਗਏ ਹਨ। ਅੱਜ ਕੱਲ੍ਹ ਮਰਦਾਂ ਵੱਲੋਂ ਵੱਖ ਵੱਖ ਪੰਜਾਬੀ ਸਭਿਆਚਾਰਕ ਲੋਕ ਰੰਗਾਂ ਨੂੰ ਸਟੇਜਾਂ ਅਤੇ ਛੋਟੇ ਪਰਦਿਆਂ ਤੱਕ ਪਹੁੰਚਾ ਦਿੱਤਾ ਗਿਆ ਹੈ। ਜਿਹੜੇ ਮਰਦਾਵੇਂ ਲੋਕ ਨਾਚ ਪਹਿਲਾਂ ਸਿਰਫ਼ ਬਰਾਤਾਂ ਵਿੱਚ ਚੰਗਾ ਰੰਗ ਬੰਨ੍ਹਦੇ ਸਨ ਉਹਨਾਂ ਦਾ ਬਦਲਵਾਂ ਰੂਪ ਅੱਜ ਵਿਆਹਾਂ ਵਿੱਚ ਕੀਤੀਆਂ ਜਾਣ ਵਾਲੀਆਂ ਸਾਰੀਆਂ ਰਸਮਾਂ ਜਿਵੇਂ ਵਟਣਾ,ਮਹਿੰਦੀ,ਜਾਗੋ ਅਤੇ ਗਿੱਧਿਆਂ ਦਾ ਸ਼ਿੰਗਾਰ ਬਣਨ ਲੱਗ ਪਿਆ ਹੈ। ਡੀਜੇ ਕਲਚਰ ਕਾਰਨ ਇੱਕ ਸਮੇਂ ਇਨ੍ਹਾਂ ਦਾ ਦੌਰ ਘਟ ਗਿਆ ਸੀ, ਪਰ ਨਵੇਂ ਰੂਪ ਵਿੱਚ ਆ ਕੇ ਅੱਜ ਕੱਲ੍ਹ ਫ਼ਿਰ ਤੋਂ ਕੁਝ ਮਸ਼ਹੂਰ ਮਰਦਾਵੇਂ ਗਿੱਧਾ ਭੰਗੜਾ ਗਰੁੱਪ ਜਿੱਥੇ ਵਿਆਹਾਂ ਦੀ ਸ਼ਾਨ ਬਣ ਰਹੇ ਹਨ ਉੱਥੇ ਹੀ ਇਹ ਪੰਜਾਬੀਆਂ ਦੇ ਲੋਹੜੀ ਆਦਿ ਤਿਉਹਾਰਾਂ ਦੀ ਰੌਣਕ ਵੀ ਵਧਾਉਂਦੇ ਹਨ। ਇਹਨਾਂ ਵੱਲੋਂ ਰਿਵਾਇਤੀ ਗਿੱਧੇ ਭੰਗੜੇ ਨੂੰ ਨਵੇਂ ਰੂਪ ਵਿੱਚ ਪੇਸ਼ ਕਰਨ ਕਾਰਨ ਇਹ ਨਵੀਂ ਪੀੜ੍ਹੀ ਦੀ ਪਸੰਦ ਵੀ ਬਣ ਰਹੇ ਹਨ। ਇਹਨਾਂ ਵੱਲੋਂ ਸਾਡੀ ਗੁੰਮ ਹੋ ਰਹੀ ਵਿਰਾਸਤ ਨੂੰ ਬਾਖ਼ੂਬੀ ਸੰਭਾਲਿਆ ਜਾ ਰਿਹਾ ਹੈ। ਆਧੁਨਿਕ ਰਵਾਇਤੀ ਮੇਲਿਆਂ ਵਿੱਚ ਫਿਰ ਤੋਂ ਇਹਨਾਂ ਨੂੰ ਪਸੰਦ ਕੀਤਾ ਜਾਣ ਲੱਗਿਆ ਹੈ। ਮਰਦਾਵੇਂ ਗਿੱਧਾ ਭੰਗੜਾ ਗਰੁੱਪ ਆਮ ਤੌਰ 'ਤੇ ਲੋਕ-ਧਾਰਾ ਅਤੇ ਸਭਿਆਚਾਰ ਨਾਲ ਜੁੜੇ ਹੋਣ ਕਰਕੇ ਲੋਕ ਗੀਤਾਂ, ਲੋਕ ਨਾਚਾਂ, ਅਤੇ ਹੋਰ ਲੋਕ ਕਲਾਵਾਂ ਨੂੰ ਉਤਸ਼ਾਹਿਤ ਕਰਦੇ ਹਨ। ਇਹਨਾਂ ਵੱਲੋਂ ਵੱਖ ਵੱਖ ਮੌਕਿਆਂ ਤੇ ਉਹੋ ਜਿਹਾ ਹੀ ਰੰਗ ਬੰਨ੍ਹਿਆ ਜਾਂਦਾ ਹੈ। ਇਹ ਗਰੁੱਪ ਜਿੱਥੇ ਲੋਕ-ਧਾਰਾ ਅਤੇ ਸਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ ਉੱਥੇ ਹੀ ਇਹ ਗਰੁੱਪ ਲੋਕ ਗੀਤਾਂ ਅਤੇ ਨਾਚਾਂ ਨੂੰ ਵਿਰਾਸਤੀ ਢੰਗ ਨਾਲ ਪੇਸ਼ ਕਰਦੇ ਹਨ। ਇਹ ਗਰੁੱਪ ਸਭਿਆਚਾਰਕ ਸਮਾਗਮਾਂ ਨੂੰ ਖ਼ਾਸ ਤੌਰ ਤੇ ਪੇਸ਼ ਕਰਦੇ ਹਨ ਅਤੇ ਇਹਨਾਂ ਵੱਲੋਂ ਮੂੰਹ ਮੰਗਵਾਂ ਮਿਹਨਤਾਨਾ ਵੀ ਵਸੂਲਿਆ ਜਾਂਦਾ ਹੈ।

ਅੱਜ ਕੱਲ੍ਹ ਦੇ ਮਰਦਾਂ ਦੁਆਰਾ ਪੇਸ਼ ਕੀਤਾ ਜਾਣ ਵਾਲਾ ਗਿੱਧਾ ਚਾਹੇ ਉਹ ਮਰਦਾਵੇਂ ਰੂਪ ਵਿੱਚ ਜਾਂ ਜ਼ਨਾਨਾ ਰੂਪ ਵਿੱਚ ਪੇਸ਼ ਕੀਤਾ ਜਾਵੇ, ਫਿਰ ਤੋਂ ਇਹ ਸਭ ਦੁਆਰਾ ਸਰਾਹਿਆ ਜਾਣ ਲੱਗਾ ਹੈ ਤੇ ਇਹ ਇੱਕ ਆਧੁਨਿਕ ਅਤੇ ਵਿਸ਼ਵ ਪੱਧਰੀ ਨਾਚ ਰੂਪ ਵਿੱਚ ਬਦਲ ਗਿਆ ਹੈ। ਹੁਣ ਵਿਸ਼ਵ ਭਰ ਵਿੱਚ ਲੋਕਪ੍ਰਿਯ ਬਣ ਗਿਆ ਹੈ। ਪੁਰਾਤਨ ਸਮਿਆਂ ਵਿੱਚ ਸਿਰਫ਼ ਨਚਾਰਾਂ ਦੇ ਨਾਂ ਨਾਲ ਪੇਸ਼ ਕੀਤਾ ਜਾਣ ਵਾਲਾ ਲੋਕ ਰੰਗ ਅੱਜ ਕਈ ਨੌਜਵਾਨਾਂ ਵੱਲੋਂ ਕਲਾ ਦਾ ਉੱਤਮ ਨਮੂਨਾ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਉਹਨਾਂ ਦੀ ਆਮਦਨ ਦਾ ਵੀ ਚੰਗਾ ਸਰੋਤ ਬਣ ਗਿਆ ਹੈ ਜੋ ਬੇਰੁਜ਼ਗਾਰੀ ਨੂੰ ਵੀ ਦੂਰ ਕਰਨ ਵਿੱਚ ਸਹਾਈ ਹੋ ਰਿਹਾ ਹੈ।



ਬਰਜਿੰਦਰ ਕੌਰ ਬਿਸਰਾਓ
99889-01324

Now Open New Banquet Hall in Sacramento
For more info: Contact Paul : (916)334-6000







RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਹੌਲੀ

ਹੌਲੀ ਇੱਕ ਪੰਜਾਬੀ ਸ਼ਬਦ ਹੈ, ਜਿਸਦਾ ਅਰਥ ਹੈ "ਆਰਾਮ ਨਾਲ" ਜਾਂ "ਧੀਰ ਨਾਲ"। ਇਹ ਸ਼ਬਦ ਆਮ ਤੌਰ 'ਤੇ ਕਿਸੇ ਕੰਮ ਨੂੰ ਆਰਾਮ ਨਾਲ ਕਰਨ ਜਾਂ ਕਿਸੇ ਚੀਜ਼ ਨੂੰ ਧੀਰ ਨਾਲ ਹੋਣ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ।

ਹੌਲੀ ਨਾਲ ਜੁੜੀਆਂ ਕੁਝ ਕਹਾਵਤਾਂ ਹਨ:

- ਹੌਲੀ ਚੱਲ, ਸੌਖਾ ਜਾਵਣਾ - ਆਰਾਮ ਨਾਲ ਚੱਲਣਾ, ਸੌਖਾ ਜਾਣਾ
- ਹੌਲੀ ਬੋਲ, ਸੌਖਾ ਸੁਣਨਾ - ਆਰਾਮ ਨਾਲ ਬੋਲਣਾ, ਸੌਖਾ ਸੁਣਨਾ
- ਹੌਲੀ ਕਰ, ਸੌਖਾ ਹੋਵੇਗਾ - ਆਰਾਮ ਨਾਲ ਕਰਨਾ, ਸੌਖਾ ਹੋਵੇਗਾ

ਹੌਲੀ ਦੇ ਫ਼ਾਇਦੇ:

- ਹੌਲੀ ਨਾਲ ਕੰਮ ਕਰਨ ਨਾਲ ਅਸੀਂ ਆਪਣੇ ਕੰਮ ਨੂੰ ਬਿਹਤਰ ਢੰਗ ਨਾਲ ਕਰ ਸਕਦੇ ਹਾਂ।
- ਹੌਲੀ ਨਾਲ ਬੋਲਣ ਨਾਲ ਅਸੀਂ ਆਪਣੇ ਵਿਚਾਰਾਂ ਨੂੰ ਸਪੱਸ਼ਟ ਰੂਪ ਵਿੱਚ ਪ੍ਰਗਟ ਕਰ ਸਕਦੇ ਹਾਂ।
- ਹੌਲੀ ਨਾਲ ਚੱਲਣ ਨਾਲ ਅਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖ ਸਕਦੇ ਹਾਂ।

**ਸੁਰਜੀਤ ਸਾਰੰਗ**
ਮੈਂਬਰ ਇੰਟਰਨੈਸ਼ਨਲ ਸਿੱਖ ਕੌਂਸਿਲ
ਨਵੀਂ ਦਿੱਲੀ 18
+918130660205

# ਬੰਦਾ

ਕਿਸੇ ਨੂੰ ਮਾਰਦਾ,ਕਿਸੇ ਤੇ ਮਰਦਾ ਏ ਬੰਦਾ,
ਕਿਸੇ ਦੇ ਜਾਨ ਵੀ ਕਦਮਾਂ ਚ,ਧਰਦਾ ਏ ਬੰਦਾ।
ਕਿਸੇ ਨੂੰ ਡਰਾਉਂਦਾ,ਕਿਸੇ ਤੋਂ ਡਰਦਾ ਏ ਬੰਦਾ,
ਕਿਸੇ ਨੂੰ ਵੇਖ-ਵੇਖ,ਠੰਡੇ ਹਉਕੇ ਭਰਦਾ ਏ ਬੰਦਾ।
ਕਈ ਵਾਰੀ ਜੇਬੋਂ ਤੰਗ ਹੁੰਦਾ,ਕਈ ਵਾਰੀ ਸਰਦਾ ਏ ਬੰਦਾ,
ਦੋ ਰੋਟੀਆਂ ਲਈ ਪਤਾ ਨਹੀਂ,ਕੀ ਕੁਝ ਕਰਦਾ ਏ ਬੰਦਾ।
ਕਦੇ ਕਿਸੇ ਦੀਆਂ ਅੱਖਾਂ ਵਿੱਚ ਡੁੱਬ ਜਾਂਦਾ,
ਕਦੇ ਕੱਚਿਆਂ ਤੇ ਵੀ ਤਰਦਾ ਏ ਬੰਦਾ,
ਕਦੇ ਬਿਨਾਂ ਗੱਲੋਂ ਅੱਗ ਵਾਂਗੂੰ, ਵਰਦਾ ਏ ਬੰਦਾ।
ਜਦੋਂ ਆਪਣੇ ਦਿਮਾਗ ਵਿੱਚ,ਆਕੜਾਂ ਤੇ ਹਉਮੈ ਨੂੰ,ਭਰਦਾ ਏ ਬੰਦਾ,
ਸੱਚ ਜਾਣਿਓ ਉਦੋਂ ਹੀ,ਹਰਦਾ ਏ ਬੰਦਾ।
ਜਦੋਂ ਪਾ ਲੈਂਦਾ ਆਪਣੀ ਅਕਲ ਤੇ ਪਰਦਾ ਏ ਬੰਦਾ,
ਉਹ ਰਹਿੰਦਾ ਕਿਸੇ ਘਾਟ ਨਾ,ਘਰ ਦਾ ਏ ਬੰਦਾ।
ਭਾਵੇਂ ਸਾਰਾ ਦਿਨ ਬਾਹਰ,ਚਰਦਾ ਏ ਬੰਦਾ,
ਆਖਰ ਨੂੰ ਪਤਾ ਲੱਭਦਾ,ਆਪਣੇ ਦਰ ਦਾ ਏ ਬੰਦਾ।
ਆਖਰ ਨੂੰ ਪਤਾ ਲੱਭਦਾ,ਆਪਣੇ ਦਰ ਦਾ ਏ ਬੰਦਾ....

**ਪਰਮਜੀਤ ਲਾਲੀ**
98962-44038



# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

## Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com